# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 18 ਅਗਸਤ 2025 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਇਸਤਰੀ ਵਿੰਗ ਹੋ ਰਿਹਾ ਮਜ਼ਬੂਤ-ਰਸ਼ਪਿੰਦਰ ਕੌਰ ਗਿੱਲ

### ਪੜ੍ਹੀਆਂ ਲਿਖੀਆਂ ਬੱਚੀਆਂ ਬੜੀ ਸੁਹਿਰਦਤਾ ਨਾਲ ਸ. ਸਿਮਰਨਜੀਤ ਸਿੰਘ ਮਾਨ ਜੀ ਦੀ ਸੋਚ ਤੇ ਪਹਿਰਾ ਦੇ ਰਹੀਆਂ ਹਨ-ਜੱਥੇਦਾਰ ਸ.ਅਮਰੀਕ ਸਿੰਘ ਨੰਗਲ

ਵਰਲਡ ਪੰਜਾਬੀ ਟਾਈਮਜ਼




ਅੰਮ੍ਰਿਤਸਰ 18 ਅਗਸਤ : ਜੱਥੇਦਾਰ ਸ.ਅਮਰੀਕ ਸਿੰਘ ਨੰਗਲ ਜੀ ਜੋ ਕਿ ਪਾਰਟੀ ਦੇ ਮਾਝਾ ਜ਼ੋਨ ਦੇ ਜੱਥੇਬੰਧਕ ਸਕੱਤਰ ਹਨ ਦੀ ਰਹਿਨੁਮਾਈ ਹੇਠ ਅਜਨਾਲਾ ਵਿਖੇ ਇਸਤਰੀ ਵਿੰਗ ਦੀ ਮਜ਼ਬੂਤੀ ਲਈ ਮੀਟਿੰਗ ਕਰਵਾਈ ਗਈ। ਜਿਸ ਵਿੱਚ ਇਸਤਰੀ ਵਿੰਗ ਦੇ ਜਨਰਲ ਸਕੱਤਰ ਰਸ਼ਪਿੰਦਰ ਕੌਰ ਗਿੱਲ ਜੀ ਨੇ ਹਾਜ਼ਰੀ ਭਰੀ। ਰਸ਼ਪਿੰਦਰ ਕੌਰ ਗਿੱਲ ਜੀ ਨੇ ਮੀਟਿੰਗ ਵਿੱਚ ਮਜੂਦ ਸਾਰੀਆਂ ਬੀਬੀਆਂ ਦੇ ਵਿਚਾਰ ਸੁਣੇ ਅਤੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਇਸਤਰੀ ਵਿੰਗ ਨੂੰ ਹੋਰ ਮਜ਼ਬੂਤ ਕਰਣ ਲਈ ਅੰਮ੍ਰਿਤਸਰ ਜ਼ਿਲੇ ਵਿੱਚ ਵੱਖ-ਵੱਖ ਸਥਾਨਾਂ ਉੱਤੇ ਜਾਗਰੂਕਤਾ ਸੈਮੀਨਾਰ ਕਰਣ ਦਾ ਮਤਾ ਪਾਸ ਕੀਤਾ। ਇਸ ਸਮੇਂ ਰਸ਼ਪਿੰਦਰ ਕੌਰ ਗਿੱਲ ਜੀ ਨੇ ਅਤੇ ਜੱਥੇਦਾਰ ਸ.ਅਮਰੀਕ ਸਿੰਘ ਨੰਗਲ ਜੀ ਨੇ ਪਿਛਲੇ ਕਈ ਮਹੀਨਿਆਂ ਤੋਂ ਪਾਰਟੀ ਲਈ ਸੁਹਿਰਦਤਾ ਨਾਲ ਕੰਮ ਕਰ ਰਹੀਆਂ ਬੀਬੀਆਂ ਨੂੰ ਨਿਯੁਕਤੀ ਪੱਤਰ ਦੇ ਕੇ ਉੱਨਾਂ ਨੂੰ ਪਾਰਟੀ ਦੀਆਂ ਜਿੰਮੇਵਾਰੀਆਂ ਸੌਂਪੀਆਂ। ਮਨਦੀਪ ਕੌਰ ਜੀ ਨੰਗਲ ਨੂੰ ਦਿਹਾਤੀ ਪ੍ਰਧਾਨ ਜ਼ਿਲਾ ਅੰਮ੍ਰਿਤਸਰ ਇਸਤਰੀ ਵਿੰਗ, ਜਸਵਿੰਦਰ ਕੌਰ ਜੀ ਪ੍ਰਧਾਨ ਪਿੰਡ ਗੁਰੂ ਕਾ ਬਾਗ ਜ਼ਿਲਾ ਅੰਮ੍ਰਿਤਸਰ ਇਸਤਰੀ ਵਿੰਗ, ਬੀਬੀ ਸੰਦੀਪ ਕੌਰ ਜੀ ਪ੍ਰਧਾਨ ਪਿੰਡ ਰਮਦਾਸ ਜ਼ਿਲਾ ਅੰਮ੍ਰਿਤਸਰ ਇਸਤਰੀ ਵਿੰਗ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਇਸ ਸਮੇਂ ਸ.ਜਸਕਰਨ ਸਿੰਘ ਜੀ ਦਿਹਾਤੀ ਮੀਤ ਪ੍ਰਧਾਨ ਜ਼ਿਲਾ ਅੰਮ੍ਰਿਤਸਰ ਵੀ ਮਜੂਦ ਸਨ। ਇਸ ਸਮੇਂ ਬੀਬੀਆਂ ਦੇ ਪਰਿਵਾਰਕ ਮੈਂਬਰਾਂ ਦੀ ਮਜੂਦਗੀ ਇਹ ਸਾਬਿਤ ਕਰ ਰਹੀ ਸੀ ਕਿ ਇਹ ਸਾਰੇ ਪਰਿਵਾਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨਾਲ ਸ਼ਿੱਦਤ ਨਾਲ ਜੁੜੇ ਹੋਏ ਹਨ ਅਤੇ ਸ.ਸਿਮਰਨਜੀਤ ਸਿੰਘ ਮਾਨ ਜੀ ਦੀ ਸੋਚ ਨਾਲ ਆਪਣੀ ਅਗਲੀ ਪੀੜ੍ਹੀ ਨੂੰ ਜੋੜ ਕੇ ਮਾਨ ਮਹਿਸੂਸ ਕਰ ਰਹੇ ਹਨ।

## ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਟਿੱਲਾ ਬਾਬਾ ਸ਼ੇਖ ਫ਼ਰੀਦ ਵਿਖੇ ਮੱਥਾ

### ਲੋਕਾਂ ਨੂੰ ਮਹਾਨ ਸੂਫ਼ੀ ਸੰਤ ਦੇ ਨਕਸ਼ੇ-ਕਦਮਾਂ ’ਤੇ ਚੱਲਣ ਦੀ ਕੀਤੀ ਅਪੀਲ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 18 ਅਗਸਤ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਟਿੱਲਾ ਬਾਬਾ ਸ਼ੇਖ ਫ਼ਰੀਦ ਵਿਖੇ ਮੱਥਾ ਟੇਕਿਆ ਅਤੇਲੋਕਾਂ ਨੂੰ ਸਤਿਕਾਰਯੋਗ ਸੂਫ਼ੀ ਸੰਤ ਦੇ ਨਕਸ਼ੇ-ਕਦਮਾਂ ’ਤੇ ਚੱਲਣ ਦੀ ਅਪੀਲ ਕੀਤੀ। ਬਾਬਾ ਸ਼ੇਖ ਫ਼ਰੀਦ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮੁੱਖ ਮੰਤਰੀ ਨੇ ਉਨ੍ਹਾਂ ਨੂੰ ਮਹਾਨ ਰੂਹਾਨੀ ਆਗੂ, ਕਵੀ-ਪੈਗੰਬਰ ਅਤੇ ਭਾਰਤ ਵਿੱਚ ਸੂਫ਼ੀ ਪਰੰਪਰਾ ਦੇ ਬਾਨੀ ਦੱਸਿਆ। ਉਨ੍ਹਾਂ ਕਿਹਾ ਕਿ ਬਾਬਾ ਫ਼ਰੀਦ ਜੀ ਨੂੰ ਪੰਜਾਬੀ ਕਵਿਤਾ ਦਾ ਪਿਤਾਮਾ ਮੰਨਿਆ ਜਾਂਦਾ ਹੈ ਅਤੇ ਪਿਆਰ, ਕਰੁਣਾ, ਬਰਾਬਰੀ, ਨਿਮਰਤਾ, ਭਾਈਚਾਰਾ ਅਤੇ ਆਜ਼ਾਦੀ ’ਤੇ ਕੇਂਦਰਿਤ ਉਨ੍ਹਾਂ ਦਾ ਫਲਸਫਾ ਸਦੀਵੀ ਅਤੇ ਵਿਸ਼ਵਵਿਆਪੀ ਤੌਰ ’ਤੇ ਪ੍ਰਸੰਗਿਕ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਾਬਾ ਸ਼ੇਖ ਫ਼ਰੀਦ ਦੀ ਬਾਣੀ, ਜਿਸ ਵਿੱਚ 112 ਸ਼ਲੋਕ ਅਤੇ ਚਾਰ ਸ਼ਬਦ ਸ਼ਾਮਲ ਹਨ, ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਕੀਤਾ ਸੀ। ਮੁੱਖ ਮੰਤਰੀ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਇੱਕ ਸਰਬ ਵਿਆਪੀ ਗ੍ਰੰਥ ਹੈ, ਜੋ ਸਾਰੇ ਧਰਮਾਂ ਦੀ ਨੁਮਾਇੰਦਗੀ ਕਰਦਾ ਹੈ ਅਤੇ ਗਿਆਨ ਦਾ ਵਿਸ਼ਾਲ ਭੰਡਾਰ ਹੈ, ਜੋ ਸਾਰੀ ਮਨੁੱਖਤਾ ਲਈ ਮਾਰਗ ਦਰਸ਼ਕ ਵਜੋਂ ਕੰਮ ਕਰਦਾ ਹੈ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਸ਼ਰਧਾ ਨਾਲ ਆਪਣਾ ਸਿਰ ਝੁਕਾਉਂਦੇ ਹਾਂ ਤਾਂ ਅਸੀਂ ਮਹਾਨ ਗੁਰੂਆਂ ਦੇ ਨਾਲ-ਨਾਲ ਬਾਬਾ ਫ਼ਰੀਦ ਅੱਗੇ ਵੀ ਸਤਿਕਾਰ ਨਾਲ ਸ਼ਰਧਾ ਭੇਟ ਕਰਦੇ ਹਾਂ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਬਾਬਾ ਫ਼ਰੀਦ ਦਾ ਜੀਵਨ ਅਤੇ ਸਿੱਖਿਆਵਾਂ ਅੱਜ ਦੇ ਪਦਾਰਥਵਾਦੀ ਸਮਾਜ ਵਿੱਚ ਵਿਸ਼ੇਸ਼ ਤੌਰ ’ਤੇ ਪ੍ਰਸੰਗਿਕ ਹਨ। ਮੁੱਖ ਮੰਤਰੀ ਨੇ ਕਿਹਾ ਕਿ ਬਾਬਾ ਫ਼ਰੀਦ ਦੀਆਂ ਸਿੱਖਿਆਵਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਮਰਪਣ ਅਤੇ ਨਿਮਰਤਾ ਨਾਲ ਮਨੁੱਖਤਾ ਦੀ ਸੇਵਾ ਕਰਨ ਲਈ ਪ੍ਰੇਰਿਤ ਕਰਦੀਆਂ ਰਹਿਣਗੀਆਂ। ਲੋਕਾਂ ਨੂੰ ਬਾਬਾ ਫ਼ਰੀਦ ਜੀ ਵੱਲੋਂ ਦਰਸਾਏ ਮਾਰਗ ’ਤੇ ਚੱਲਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਪੰਜਾਬ ਨੂੰ ਦੇਸ਼ ਦਾ ਨੰਬਰ ਇੱਕ ਸੂਬਾ ਬਣਾਉਣ ਵਿੱਚ ਮਦਦ ਮਿਲੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਹ ਬਾਬਾ ਫ਼ਰੀਦ ਜੀ ਦੀ ਚਰਨ ਛੋਹ ਪ੍ਰਾਪਤ ਇਸ ਪਵਿੱਤਰ ਸਥਾਨ ’ਤੇ ਸ਼ਰਧਾ ਭੇਟ ਕਰਨ ਦਾ ਮੌਕਾ ਪ੍ਰਾਪਤ ਕਰ ਕੇ ਆਪਣੇ ਆਪ ਨੂੰ ਵਡਭਾਗਾ ਮਹਿਸੂਸ ਕਰਦੇ ਹਨ। ਇਸ ਮੋਕੇ ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਅਮੋਲਕ ਸਿੰਘ ਵਿਧਾਇਕ ਜੈਤੋ ਵੀ ਵਿਸ਼ੇਸ਼ ਤੌਰ ’ਤੇ ਹਾਜ਼ਰ ਸਨ।



## ਸਿਰਕੱਢ ਪੰਜਾਬੀ ਸ਼ਾਇਰ ਸ਼ਿਰੀ ਰਾਮ ਅਰਸ਼ ਦਾ ਦੇਹਾਂਤ

### ਅੰਤਿਮ ਸੰਸਕਾਰ 18 ਅਗਸਤ ਦੁਪਹਿਰ ਦੋ ਵਜੇ ਮੋਹਾਲੀ ਸ਼ਮਸ਼ਾਨ ਘਰ ਵਿੱਚ ਹੋਵੇਗਾ।

ਵਰਲਡ ਪੰਜਾਬੀ ਟਾਈਮਜ਼



ਮੋਹਾਲੀ 18 ਅਗਸਤ : ਸੰਜੀਵਨ ਸਿੰਘ ਤੋਂ ਮਿਲੀ ਜਾਣਕਾਰੀ ਅਨੁਸਾਰ ਬੀਤੀ ਸ਼ਾਮ ਪੰਜਾਬ ਦੀ ਸਾਹਿਤਕ ਅਦਬੀ ਵਿਰਾਸਤ ਦੇ ਪ੍ਰਤੀਨਿਧ ਸ਼ਾਇਰ ਸਿਰੀ ਰਾਮ ਅਰਸ਼ ਸਾਨੂੰ ਸਭ ਨੂੰ ਵਿਛੌੜਾ ਦੇ ਗਏ ਹਨ।

ਉਨਾਂ ਦਾ ਅੰਤਿਮ ਸੰਸਕਾਰ ਅੱਜ 18 ਅਗਸਤ ਨੂੰ ਮੁਹਾਲੀ ਦੇ ਸਮਸ਼ਾਨ ਵਿਖੇ ਬਾਅਦ ਦੁਪਹਿਰ 2 ਵਜੇ ਹੋਵੇਗਾ।

ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਵੱਡੇ ਵੀਰ ਸ਼ਿਰੀ ਰਾਮ ਅਰਸ਼ ਜੀ ਦੇ ਵਿਛੋੜੇ ਤੇ ਸ਼ਰਧਾ ਸੁਮਨ ਭੇਂਟ ਕਰਦਿਆਂ ਕਿਹਾ ਹੈ ਕਿ ਉਹ ਮੇਰੇ ਅਦਬੀ ਸਰਪ੍ਰਸਤ ਸਨ।

ਸ਼ਿਰੀ ਰਾਮ ਅਰਸ਼ ਲੁਧਿਆਣਾ ਦੇ ਜੰਮਪਲ ਸਨ ਅਤੇ ਪੰਜਾਬ ਲੋਕ ਸੰਪਰਕ ਵਿਭਾਗ ਤੋਂ ਡਿਪਟੀ ਡਾਇਰੈਕਟਰ ਵਜੋਂ 1992 ਵਿੱਚ ਸੇਵਾਮੁਕਤ ਹੋਏ ਸਨ। ਆਪਣੇ ਵੱਡੇ ਵੀਰ ਸਾਬਕਾ ਵਿਧਾਇਕ ਚੌਧਰੀ ਅਜੀਤ ਕੁਮਾਰ ਦੇ ਪੈਰ ਚਿੰਨ੍ਹਾਂ ਤੇ ਚੱਲਦੇ ਹੋਏ ਸਾਰੀ ਜ਼ਿੰਦਗੀ ਦੱਬੇ ਕੁਚਲੇ, ਨਿਤਾਣੇ ਤੇ ਲੋੜਵੰਦ ਵਰਗ ਦੀ ਆਵਾਜ਼ ਬੁਲੰਦ ਕਰਦੇ ਰਹੇ।

ਸਿਰੀ ਰਾਮ ਅਰਸ਼ ਜੀ ਦਾ ਜਨਮ 15 ਦਸੰਬਰ 1934 ਨੂੰ ਹੌਇਆ। ਪੰਜਾਬੀ ਗ਼ਜ਼ਲ ਰਚਨਾਕਾਰੀ ਵਿੱਚ ਉਨ੍ਹਾਂ ਦਾ ਵਿਸ਼ੇਸ਼ ਮੁਕਾਮ ਸੀ। ਉਨ੍ਹਾਂ ਦੀਆਂ ਲਿਖਤਾਂ ਵਿੱਚ ਰਬਾਬ (ਗਜ਼ਲ ਸੰਗ੍ਰਿਹ -1975) ਅਗਨਾਰ (ਕਾਵਿ – ਸੰਗ੍ਰਹਿ, 1975)ਸੰਖ ਤੇ ਸਿੱਪੀਆਂ (ਗਜ਼ਲ ਸੰਗ੍ਰਹਿ,(1984)ਸਰਘੀਆਂ ਤੇ ਸਮੁੰਦਰ (ਗਜ਼ਲ ਸੰਗ੍ਰਹਿ, 1987) ਕਿਰਨਾਂ ਦੀ ਬੁੱਕਲ (ਗਜ਼ਲ ਸੰਗ੍ਰਹਿ,1993)ਸਪਰਸ਼ (ਕਾਵਿ ਸੰਗ੍ਰਹਿ,1985) ਪੁਰਸਲਾਤ”(ਗਜ਼ਲ ਸੰਗ੍ਰਹਿ,1981)ਗ਼ਜ਼ਲ ਸਮੁੰਦਰ”(ਗਜ਼ਲ ਸੰਗ੍ਰਹਿ, 1989)

“ਅਗੰਮੀ ਨੂਰ “(ਮਹਾਂਕਾਵਿ, 1994)ਪੰਥ ਸਜਾਇਓ ਖਾਲਸਾ”(ਮਹਾਂਕਾਵਿ,1999)

ਸਮੁੰਦਰ ਸੰਜਮ”(ਗਜ਼ਲ ਸੰਗ੍ਰਹਿ,2001) ਤੁਮ ਚੰਦਨ(ਮਹਾਂ ਕਾਵਿ(2002) ਗੁਰੂ ਮਿਲਿਓ ਰਵਿਦਾਸ “(ਮਹਾਂਕਾਵਿ ਹਿੰਦੀ,2005) ਪ੍ਰਮੁੱਖ ਹਨ।

ਉਨ੍ਹਾਂ ਦਾ ਇੱਕ ਨਾਵਲ ਸੰਦਲੀ ਪੌਣ (ਨਾਵਲ) ਤੇ ਵਾਰਤਕ ਸੰਗ੍ਰਹਿ

ਅਲੋਕਾਰੀ ਸ਼ਕਤੀ ਗੁਰੂ ਰਾਮਦਾਸ ਯਾਦਗਾਰੀ ਲਿਖਤਾਂ ਹਨ। ਭਾਸ਼ਾ ਵਿਭਾਗ ਪੰਜਾਬ ਵੱਲੋਂ ਸ਼੍ਰੋਮਣੀ ਪੰਜਾਬੀ ਕਵੀ ਵਜੋਂ ਸਨਮਾਨਿਤ ਸ਼ਿਰੀ ਰਾਮ ਅਰਸ਼ ਜੀ ਨੂੰ ਇਸੇ ਮਹੀਨੇ ਲੁਧਿਆਣਾ ਵਿੱਚ ਗੁਰਚਰਨ ਕੌਰ ਕੋਚਰ ਪਰਿਵਾਰ ਵੱਲੋਂ ਇੰਜ. ਜੇ ਬੀ ਸਿੰਘ ਕੋਚਰ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਇਸ ਨੂੰ ਉਹ ਸਿਹਤ ਨਾਸਾਜ਼ ਹੋਣ ਕਾਰਨ ਆਪ ਤਾਂ ਨਾ ਪਹੁੰਚ ਸਕੇ ਪਰ ਪਰਿਵਾਰ ਨੇ ਇਹ ਪੁਰਸਕਾਰ ਆਪਣੇ ਪ੍ਰਤੀਨਿਧ ਰਾਹੀਂ ਹਾਸਲ ਕੀਤਾ। ਮਾਲਵਾ ਸੱਭਿਆਚਾਰ ਮੰਚ ਦੇ ਚੇਅਰਮੈਨ ਕ੍ਰਿਸ਼ਨ ਕੁਮਾਰ ਬਾਵਾ ਨੇ ਵੀ ਸ਼ਿਰੀ ਰਾਮ ਅਰਸ਼ ਜੀ ਦੇ ਦੇਹਾਂਤ ਤੇ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।

## ਪੰਜਾਬ ਸਰਕਾਰ ਦੇ ਯੁੱਧ ਨਸ਼ਿਆ ਵਿਰੁੱਧ ਦੀ ਨਿਕਲੀ ਫੂਕ

### ਪਿੰਡ ਸੇਖੂ ਦੇ ਇੱਕ ਨੌਜਵਾਨ ਦੀ ਚਿੱਟੇ ਨਾਲ ਮੌਤ।

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ



ਰਾਮਾਂ ਮੰਡੀ 18 ਅਗਸਤ : ਬਦਲਾਅ ਦੇ ਝੂਠੇ ਲਾਰੇ ਲਾ ਕੇ ਸੱਤਾ ਤੇ ਕਾਬਜ਼ ਹੋਈ ਅਤੇ ਨਸ਼ਿਆ ਨੂੰ ਕੁੱਝ ਹਫ਼ਤਿਆਂ ਚ ਖ਼ਤਮ ਕਰਨ ਦੇ ਦਮਗੱਜੇ ਮਾਰਨ ਵਾਲੀ ਪੰਜਾਬ ਦੀ ਆਪ ਸਰਕਾਰ ਇਹਨਾਂ ਮਾਮਲਿਆਂ ਵਿੱਚ ਆਏ ਦਿਨ ਬੈਕ ਫੁੱਟ ਤੇ ਜਾ ਰਹੀ ਹੈਂ। ਕਿਸੇ ਸਮੇਂ ਨਸ਼ਿਆਂ ਨੂੰ ਲੈਕੇ ਮੁੱਖ ਮੰਤਰੀ ਦਾ ਇਹ ਬਿਆਨ ਕਿ ਜਿਹੜੇ ਇਲਾਕੇ ਚੋਂ ਨਸ਼ਾ ਬਰਾਮਦ ਹੁੰਦਾ ਹੈ ਉਸ ਇਲਾਕੇ ਦਾ ਐੱਸ ਐੱਚ ਓ ਅਤੇ ਸਬੰਧਤ ਜ਼ਿਲੇ ਦਾ ਐੱਸ ਐੱਸ ਪੀ ਵੀ ਜ਼ਿੰਮੇਵਾਰ ਹੋਣਗੇ, ਸਿਰਫ਼ ਇੰਨਾ ਹੀ ਨਹੀਂ ਇਹਨਾਂ ਪੁਲਿਸ ਅਫ਼ਸਰਾਂ ਤੇ ਸਖ਼ਤ ਕਾਰਵਾਈ ਕਰਨ ਦਾ ਵੀ ਵਾਅਦਾ ਕੀਤਾ ਗਿਆ ਸੀ। ਪਰ ਮੁੱਖ ਮੰਤਰੀ ਦਾ ਇਹ ਬਿਆਨ ਵੀ ਮਾਤਰ ਜ਼ੁਮਲਾ ਹੀ ਸਾਬਿਤ ਹੋਇਆ ਹੈ। ਕਈ ਹੋਰ ਘਾਤਕ ਨਸ਼ਿਆਂ ਸਮੇਤ ਚਿੱਟਾ ਪੰਜਾਬ ਦੀ ਗਲੀ ਗਲੀ ਵਿਕ ਰਿਹਾ ਹੈ ਪਰ ਕੁੱਝ ਨਜ਼ਾਇਜ ਉਸਾਰੀਆਂ ਨੂੰ ਢਾਹ ਕੇ ਅਤੇ ਇਸ ਮਾਮਲੇ ਨੂੰ ਯੁੱਧ ਨਸ਼ਿਆਂ ਵਿਰੁੱਧ ਨਾਲ ਜੋੜ ਕੇ ਪੰਜਾਬ ਸਰਕਾਰ ਆਪੇ ਆਪਣੀ ਪਿੱਠ ਥਾਪੜ ਰਹੀ ਹੈ। ਤਾਜ਼ਾ ਮਾਮਲਾ ਰਾਮਾ ਮੰਡੀ ਦੇ ਪਿੰਡ ਸੇਖੂ ਤੋਂ ਸਾਹਮਣੇ ਆਇਆ ਹੈ, ਜਿੱਥੇ ਚਿੱਟੇ ਦੀ ਓਵਰਡੋਜ਼ ਨਾਲ ਪਿੰਡ ਦਾ ਇੱਕ ਨੌਜਵਾਨ ਮੌਤ ਦੀ ਗ੍ਰਿਫ਼ਤ ਚ ਚਲਾ ਗਿਆ ਹੈ।

ਜ਼ਿਕਰਯੋਗ ਹੈ ਕਿ ਰਾਮਾਂ ਮੰਡੀ ਦਾ ਇਹ ਪਿੰਡ ਸੇਖੂ ਲਿੰਕ ਰੋੜਾ ਰਾਹੀਂ ਡੱਬਵਾਲੀ ਨਾਲ ਜੁੜਿਆ ਹੋਣ ਕਾਰਨ ਇੱਥੇ ਹਰਿਆਣੇ ਵਾਲ਼ੇ ਪਾਸਿਓਂ ਵੱਡੀ ਮਾਤਰਾ ਚ ਨਸ਼ਾ ਆਉਣ ਦੀਆਂ ਚਰਚਾਵਾਂ ਵੀ ਅਕਸਰ ਸੁਣਨ ਨੂੰ ਮਿਲਦੀਆਂ ਹਨ।

ਪੰਜਾਬ ਸਰਕਾਰ ਦੇ ਯੁੱਧ ਨਸ਼ਿਆ ਵਿਰੁੱਧ ਦੀ ਉਸ ਸਮੇਂ ਫੂਕ ਨਿਕਲ ਗਈ ਜਦੋ ਇਸੇ ਪਿੰਡ ਦੇ ਨੌਜਵਾਨ ਦੀ ਚਿੱਟੇ ਦਾ ਟੀਕਾ ਲਾਉਣ ਨਾਲ ਮੌਤ ਹੋ ਗਈ। ਇਹ ਨੌਜਵਾਨ ਕਾਫੀ ਸਮੇਂ ਤੋਂ ਨਸ਼ੇ ਦੀ ਦਲਦਲ ਵਿੱਚ ਧਸ ਚੁੱਕਾ ਸੀ। ਪਿੰਡ ਵਾਸੀਆਂ ਨੇ ਦੱਸਿਆ ਕਿ ਉਕਤ ਨੌਜਵਾਨ ਨੂੰ ਕਈ ਵਾਰ ਨਸ਼ਾ ਛੁਡਾਊ ਸੈਂਟਰ ਵੀ ਦਾਖਲ ਕਰਵਾਇਆ ਗਿਆ ਪਰ ਵਾਰ ਵਾਰ ਨਸ਼ਾ ਮੁਕਤੀ ਸੈਂਟਰ ਵਿੱਚ ਦਾਖ਼ਲ ਹੋਣ ਦੇ ਬਾਵਜੂਦ ਵੀ ਨਸ਼ਾ ਨਹੀ ਛੱਡ ਸਕਿਆ। ਨਸ਼ਾ ਮੁਕਤੀ ਸੈਂਟਰ ਵਿੱਚੋ ਛੁੱਟੀ ਮਿਲਣ ਤੋਂ ਬਾਅਦ ਆਕੇ ਫੇਰ ਮਾੜੀ ਸੰਗਤ ਨਾਲ ਰਲ ਜਾਂਦਾ ਤੇ ਚਿੱਟੇ ਦਾ ਨਸ਼ਾ ਕਰਨ ਲੱਗ ਜਾਂਦਾ ਸੀ। ਰੋਜ਼ ਦੀ ਤਰ੍ਹਾਂ ਕੱਲ ਫੇਰ ਦੇਸੂ ਯੋਧਾ ਚਿੱਟੇ ਦਾ ਨਸ਼ਾ ਲੈਣ ਲਈ ਗਿਆ ਸੀ ਤਾਂ ਪਿੰਡ ਦੇਸੂ ਯੋਧਾ ਤੇ ਸ਼ੇਖੂ (ਹਰਿਆਣਾ ਪੰਜਾਬ) ਵਿਚਕਾਰ ਪੈਂਦੀ ਹੱਦ ਤੇ ਚਿੱਟੇ ਦੀ ਵੱਧ ਓਵਰਡੋਜ ਕਾਰਨ ਕਾਰਨ ਬੇਹੋਸ਼ ਹੋ ਕੇ ਡਿੱਗਿਆ ਪਿਆ ਸੀ ਤਾਂ ਉਥੇ ਬੇਹੋਸ਼ ਪਿਆ ਦੇਖ ਪਿੰਡ ਦੇ ਆਉਣ ਜਾਣ ਵਾਲੇ ਲੋਕਾਂ ਨੇ ਇਹਨਾਂ ਦੇ ਘਰ ਪਰਿਵਾਰ ਨੂੰ ਦੱਸਿਆ ਕਿ ਤੁਹਾਡਾ ਮੁੰਡਾ ਚਿੱਟੇ ਦਾ ਟੀਕਾ ਲਾ ਕੇ ਡਿੱਗਿਆ ਪਿਆ ਤਾਂ ਜਦੋਂ ਪਰਿਵਾਰਕ ਮੈਬਰਾਂ ਨੇ ਜਾਕੇ ਦੇਖਿਆ ਤਾਂ ਨਸ਼ੇ ਦੀ ਓਵਰਡੋਜ ਹੋਣ ਕਾਰਨ ਬੇਹੋਸ਼ ਹੋਇਆ ਪਿਆ ਸੀ ਤੇ ਚੱਕ ਕੇ ਘਰੇ ਲੈ ਆਏ ਤਾਂ ਕੁੱਝ ਘੰਟਿਆਂ ਬਾਅਦ ਨੌਜਵਾਨ ਮਾਲੀ ਰਾਮ ਪੁੱਤਰ ਧਰਮਪਾਲ ਦੀ ਮੌਤ ਹੋ ਗਈ।ਭਰੋਸੇ ਯੋਗ ਸੂਤਰਾਂ ਅਨੁਸਾਰ ਪਤਾ ਲੱਗਿਆ ਕਿ ਪਿੰਡ ਸ਼ੇਖੂ ਦੇ ਕਾਫੀ ਹੋਰ ਨੌਜਵਾਨ ਵੀ ਚਿੱਟੇ ਦੀ ਦਲਦਲ ਵਿੱਚ ਫਸੇ ਹੋਏ ਹਨ ਤੇ ਕੁੱਝ ਨਵੇਂ ਮੁੰਡੇ (ਨਾਬਾਲਗ), ਨੌਜਵਾਨ ਨਵੀਂ ਚੱਲੀ ਗੋਲੀ (ਟਵੇਨਟਾਡੋਲ) ਦੇ ਨਸ਼ੇ ਤੇ ਲੱਗ ਚੁੱਕੇ ਹਨ।ਇਹ ਗੋਲੀ ਬਹੁਤ ਸਾਰੇ ਨੌਜਵਾਨ ਖਾਣ ਲੱਗ ਗਏ ਹਨ।ਇੱਕ ਪਾਸੇ ਸਰਕਾਰ ਵੱਲੋਂ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਗਈ ਹੈ ਤਾਂ ਜੋ ਚਿੱਟੇ ਦੇ ਨਸ਼ੇ ਨੂੰ ਖ਼ਤਮ ਕੀਤਾ ਜਾ ਸਕੇ ਤਾਂ ਦੂਜੇ ਪਾਸੇ ਪਿੰਡਾ ਦੀਆਂ ਪੰਚਾਇਤਾ ਵਲੋਂ ਇੱਕ ਦੂਜੀ ਪੰਚਾਇਤ ਦੇ ਨਕਸ਼ੇ ਕਦਮਾਂ ਤੇ ਚੱਲਦੇ ਹੋਏ ਪਿੰਡਾ ਵਿੱਚ ਧੜਾ ਧੜ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਮਤੇ ਪਾਏ ਜਾ ਰਹੇ ਹਨ।ਪਰ ਜੇਕਰ ਰੋਜ਼ਾਨਾ ਨਸ਼ਿਆ ਨਾਲ ਮਰ ਰਹੇ ਨੌਜਵਾਨ ਮਾਵਾਂ ਦੇ ਪੁੱਤਾਂ ਦੀ ਗਿਣਤੀ ਕੀਤੀ ਜਾਵੇ ਤਾਂ ਸਰਕਾਰ ਵੱਲੋਂ ਜਾਰੀ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤੇ ਕੀਤਾ ਖ਼ਰਚਾ ਪੰਜਾਬ ਦੇ ਲੋਕਾਂ ਦਾ ਪੈਸਾ ਬਰਬਾਦ ਕਰਨ ਤੋਂ ਇਲਾਵਾ ਕੁੱਝ ਵੀ ਨਤੀਜਾ ਸਹਾਮਣੇ ਨਹੀ ਆ ਰਿਹਾ ।ਰਹੀ ਗੱਲ ਪੰਚਾਇਤਾ ਵਲੋਂ ਪਾਏ ਗਏ ਮਤੇ ਇੱਕ ਖਾਨਾ ਪੂਰਤੀ ਤੋ ਇਲਾਵਾ ਕੁੱਝ ਵੀ ਨਹੀਂ ਹੈ। ਭਰੋਸੇਯੋਗ ਸੂਤਰਾਂ ਦੀ ਮੰਨੀਏ ਤਾਂ ਪਿੰਡ ਸ਼ੇਖੂ ਵਿੱਚ ਵੀ ਆਮ ਆਦਮੀ ਪਾਰਟੀ ਦੇ ਵਰਕਰਾਂ ਵੱਲੋਂ ਨਸ਼ਾ ਛਡਾਉ ਕਮੇਟੀ ਬਣਾਈ ਹੋਈ ਹੈ ਪਰ ਓਹਨਾਂ ਵੱਲੋਂ ਪਿੰਡ ਦੇ ਨੌਜਵਾਨਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ ਨਾ ਕਿਸੇ ਨੌਜਵਾਨ ਨੂੰ ਨਸ਼ਾ ਛੱਡਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।ਫੇਰ ਇਹਨਾਂ ਕਮੇਟੀਆਂ ਦਾ ਕੀ ਕਰਨਾਂ ਜੋਂ ਨਸ਼ੇੜੀਆਂ ਤੋ ਡਰਦੇ ਆਪਣਾ ਫਰਜ਼ ਨਹੀ ਨਿਭਾ ਰਹੇ ਇਹ ਤਾਂ ਵੱਸ ਫੋਕੀ ਵਾਹ ਵਾਹ ਖੱਟਣ ਤੇ ਚੌਧਰ ਕਾਇਮ ਰੱਖਣ ਲਈ ਬਣੇ ਹੋਏ ਹਨ ਜਦੋ ਕਿ ਪਿੰਡ ਦੇ ਨੌਜਵਾਨ ਲਗਾਤਾਰ ਨਸ਼ੇ ਤੇ ਲੱਗ ਰਹੇ ਹਨ ਤੇ ਨਸ਼ੇ ਨਾਲ ਨੌਜਵਾਨ ਮਰ ਰਹੇ ਹਨ ਕਿਉਂ ਕਿ ਜਿੰਨਾ ਲੋਕਾਂ ਦੀਆਂ ਵੋਟਾਂ ਨਾਲ ਸਾਡਾ ਪ੍ਰਬੰਧਕੀ ਢਾਂਚਾ ਬਣਿਆ ਹੋਇਆ ਹੈ ਉਹਨਾਂ ਲੋਕਾਂ ਦੇ ਘਰਾਂ ਵਿੱਚੋਂ ਨਿੱਕਲ ਰਹੀਆਂ ਨੌਜਵਾਨਾਂ ਦੀਆਂ ਅਰਥੀਆਂ ਤੇ ਪੈਂ ਰਹੇ ਮਾਵਾਂ,ਭੈਣਾਂ, ਰਿਸ਼ਤੇਦਾਰਾਂ ਦੇ ਵੈਣ ਇਹਨਾਂ ਨੂੰ ਸੁਣਾਈ ਨਹੀਂ ਦਿੰਦੇ ਬਲਕਿ ਪ੍ਰਬੰਧਕੀ ਸਿਸਟਮ ਓਹਨਾਂ ਘਰਾਂ ਦੇ ਸੱਥਰਾਂ ਤੇ ਬੈਠ ਕੇ ਮਗਰਮੱਛ ਦੇ ਹੰਝੂ ਵਹਾ ਕੇ ਆਪਣੀਆਂ ਵੋਟਾਂ ਦੀ ਰਾਜਨੀਤੀ ਕਰ ਰਹੇ ਹਨ।

## ਆਸ਼ਾ ਵਰਕਰਾਂ ਦੀ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਨੂੰ ਨਜ਼ਾਇਜ਼ ਹਿਰਾਸਤ ਵਿੱਚ ਲੈਣ ਦੀ ਸਖ਼ਤ ਨਿਖੇਧੀ

### ਆਮ ਆਦਮੀ ਪਾਰਟੀ’ ਨੂੰ ਆਮ ਆਦਮੀਆਂ ਤੋਂ ਕੀ ਖਤਰਾ ? : ਅਸ਼ੋਕ ਕੌਸ਼ਲ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 18 ਅਗਸਤ : ਹੁਣ ‘ਆਮ ਆਦਮੀ ਪਾਰਟੀ’ ਦੇ ਆਗੂਆਂ ਨੂੰ ਆਮ ਆਦਮੀਆਂ ਤੋਂ ਡਰ ਲੱਗਣ ਲੱਗ ਪਿਆ ਹੈ, ਜਿਸ ਕਾਰਨ ਪੁਲਿਸ ਦੀ ਵਰਤੋਂ ਨਾਲ ਜਥੇਬੰਦੀਆਂ ਦੇ ਆਗੂਆਂ ਨੂੰ ਨਜ਼ਾਇਜ਼ ਹਿਰਾਸਤ ਵਿੱਚ ਲੈਣ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ, ਇਹ ਦੋਸ਼ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਫਰੀਦਕੋਟ ਦੇ ਸਕੱਤਰ ਅਸ਼ੋਕ ਕੌਸ਼ਲ, ਮੀਤ ਸਕੱਤਰ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਅਤੇ ਮਾ. ਗੁਰਚਰਨ ਸਿੰਘ ਮਾਨ ਵੱਲੋਂ ਸਾਂਝੇ ਤੌਰ ‘ਤੇ ਲਾਇਆ ਗਿਆ। ਅਜ਼ਾਦੀ ਦਿਵਸ ਦੇ ਰਾਜ ਪੱਧਰੀ ਸਮਾਗਮ ਸਬੰਧੀ ਮੁੱਖ ਮੰਤਰੀ ਦੀ ਫਰੀਦਕੋਟ ਆਮਦ ਤੋਂ ਪਹਿਲਾਂ 13 ਅਗਸਤ ਦੀ ਸ਼ਾਮ ਨੂੰ ਆਲ ਇੰਡੀਆ ਆਸ਼ਾ ਵਰਕਰਜ਼ ਯੂਨੀਅਨ ਏਟਕ ਦੇ ਸੂਬਾ ਪ੍ਰਧਾਨ ਅਮਰਜੀਤ ਕੌਰ ਰਣ ਸਿੰਘ ਵਾਲਾ ਨੂੰ ਭਾਰੀ ਪੁਲਿਸ ਫੋਰਸ ਨਾਲ ਉਸਦੇ ਘਰ ਤੋਂ ਚੁੱਕ ਕੇ ਬਾਜਾਖਾਨਾ ਥਾਣੇ ਵਿੱਚ ਬੰਦ ਕਰਨ ਦੀ ਇਹਨਾਂ ਆਗੂਆਂ ਨੇ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਵਰਨਣਯੋਗ ਹੈ ਕਿ ਬੀਬੀ ਅਮਰਜੀਤ ਕੌਰ ਦੀ ਅਗਵਾਈ ਹੇਠ ‘ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਫਰੰਟ’ ਵੱਲੋਂ ਉਲੀਕੇ ਪ੍ਰੋਗਰਾਮ ਅਨੁਸਾਰ ਬਾਜਾਖਾਨਾ ਵਿਖੇ 5 ਅਗਸਤ ਨੂੰ ਪੰਜਾਬ ਸਰਕਾਰ ਦਾ ਪੁਤਲਾ ਸਾੜਿਆ ਗਿਆ ਸੀ ਜਿਵੇਂ ਕਿ ਜਿਲੇ ਦੇ ਹੋਰ ਥਾਂਵਾਂ- ਜੈਤੋ, ਫਰੀਦਕੋਟ, ਕੋਟਕਪੂਰਾ ਅਤੇ ਸਾਦਿਕ ਵਿਖੇ ਵੀ ਧਰਨੇ ਪ੍ਰਦਰਸ਼ਨ ਹੋਏ ਸਨ। ਆਗੂਆਂ ਨੇ ਅੱਗੇ ਕਿਹਾ ਕਿ ਮੁੱਖ ਮੰਤਰੀ ਦੇ ਰਾਜ ਪੱਧਰੀ ਅਜਾਦੀ ਦਿਵਸ ਸਮਾਗਮ ਵਿੱਚ ਵਿਘਨ ਪਾਉ ਦਾ ਜੱਥੇਬੰਦੀ ਦਾ ਨਾ ਕੋਈ ਬਿਆਨ ਸੀ ਅਤੇ ਨਾ ਹੀ ਕੋਈ ਪ੍ਰੋਗਰਾਮ ਸੀ। ਫਿਰ ਕਿਸੇ ਗਲਤ ਰਿਪੋਰਟ ਦੇ ਅਧਾਰ ‘ਤੇ ਇਕੱਲੀ ਔਰਤ ਆਗੂ ਨੂੰ ਥਾਣੇ ਬੰਦ ਕਰਨਾ ਕਿਸੇ ਵੀ ਤਰਾਂ ਵਾਜਿਬ ਨਹੀਂ ਹੈ।




ਪੰਜਾਬ ਇਸਤਰੀ ਸਭਾ ਦੀ ਜਿਲਾ ਸਕੱਤਰ ਸ਼ਸ਼ੀ ਸ਼ਰਮਾ, ਪੈਨਸ਼ਨਰ ਆਗੂ ਪ੍ਰੇਮ ਚਾਵਲਾ, ਕੁਲਵੰਤ ਸਿੰਘ ਚਾਨੀ, ਸੋਮਨਾਥ ਅਰੋੜਾ, ਹਰਪਾਲ ਮਚਾਕੀ ਅਤੇ ਇਕਬਾਲ ਸਿੰਘ ਰਣ ਸਿੰਘ ਵਾਲਾ, ਆਲ ਇੰਡੀਆ ਆਸ਼ਾ ਵਰਕਰ ਯੂਨੀਅਨ ਦੀਆਂ ਵਖ-ਵਖ ਜ਼ਿਲਿਆਂ ਤੋਂ ਬਾਜਾਖਾਨਾ ਪਹੁੰਚਣ ਵਾਲੀਆਂ ਆਗੂਆਂ- ਦੁਰਗੋ ਬਾਈ ਅਤੇ ਨੀਲਮ ਰਾਣੀ ਫਾਜ਼ਿਲਕਾ, ਸੰਤੋਸ਼ ਕੁਮਾਰੀ ਅਬੋਹਰ, ਮਨਜਿੰਦਰ ਕੌਰ ਤਰਨਤਾਰਨ, ਸੰਦੀਪ ਕੌਰ ਬਰਨਾਲਾ, ਗੁਰਮੀਤ ਕੌਰ, ਸੁਖਮੰਦਰ ਕੌਰ ਮੱਤਾ, ਸਿੰਬਲਜੀਤ ਕੌਰ ਅਤੇ ਛਿੰਦਰਪਾਲ ਕੌਰ ਝੱਖੜਵਾਲਾ ਨੇ ਵੀ ਇਸ ਵਰਤਾਰੇ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਬੀਬੀ ਅਮਰਜੀਤ ਕੌਰ ਨੂੰ ਰਿਹਾ ਕਰਵਾਉਣ ਦੇ ਚਾਰ ਕੁ ਘੰਟਿਆਂ ਬਾਅਦ ਮਨਰੇਗਾ ਮਜ਼ਦੂਰ ਯੂਨੀਅਨ ਦੇ ਜਿਲਾ ਪ੍ਰਧਾਨ ਕਾਮਰੇਡ ਵੀਰ ਸਿੰਘ ਕੰਮੇਆਣਾ ਨੂੰ ਵੀ 14 ਅਗਸਤ ਦੀ ਸ਼ਾਮ ਉਸਦੇ ਘਰ ਤੋਂ ਚੁੱਕ ਕੇ ਥਾਣਾ ਫਰੀਦਕੋਟ ਸਦਰ ਵਿੱਚ ਬੰਦ ਕੀਤਾ ਗਿਆ। ਕਿਸਾਨ ਆਗੂ ਸੁਖਜਿੰਦਰ ਸਿੰਘ ਤੂੰਬੜਭੰਨ, ਬਲਕਾਰ ਸਿੰਘ ਸਹੋਤਾ, ਸ਼ਿਵਨਾਥ ਦਰਦੀ ਅਤੇ ਗੁਰਦੀਪ ਸਿੰਘ ਨੇ ਦੱਸਿਆ ਕਿ ਮੁੱਖ ਮੰਤਰੀ ਦੇ ਫਰੀਦਕੋਟ ਤੋਂ ਜਾਣ ਬਾਅਦ ਹੀ ਕਾਮਰੇਡ ਵੀਰ ਸਿੰਘ ਨੂੰ ਛੱਡਿਆ ਗਿਆ। ਉਹਨਾਂ ਅੱਗੇ ਦੱਸਿਆ ਕਿ ਇਸ ਮਾਮਲੇ ਵਿੱਚ ਜਨਤਕ ਜੱਥੇਬੰਦੀਆਂ ਦਾ ਇੱਕ ਵਫ਼ਦ ਛੇਤੀ ਹੀ ਜਿਲਾ ਪੁਲਿਸ ਮੁਖੀ ਫਰੀਦਕੋਟ ਨੂੰ ਮਿਲ ਰਿਹਾ ਹੈ।

## ਦਿੱਲੀ ਰਿਮੋਟ, ਮਾਨ ਤੇ ਪੰਜਾਬ ਪ੍ਰਧਾਨ ਹਾਂ ਜੀ ਪੰਜਾਬੀਓ!

ਵਰਲਡ ਪੰਜਾਬੀ ਟਾਈਮਜ਼
ਡਾ ਜਸਵੀਰ ਸਿੰਘ ਗਰੇਵਾਲ

ਹੋਇਆ ਨਾ ਧੋਖਾ ਤੁਹਾਡੇ ਨਾਲ ਵੋਟਾਂ ਮਾਨ ਦੇ ਨਾਂ ਤੇ ਵਟੋਰੀਆਂ ਤੇ ਮੁੱਖ ਮੰਤਰੀ ਵੀ ਬਣਾ ਤਾਂ ਦਿੱਤਾ ਪਰ ਉਹਦਾ ਰਿਮੋਟ ਦੋਨਾਂ ਲਾਲਿਆ ਕੋਲ ਆ ਦਿੱਲੀ,ਕਿਸਮਤ ਤਾਂ ਪੰਜਾਬ ਸਿਆਂ ਤੇਰੀ ਮਾੜੀ ਆ ਪਹਿਲਾਂ ਕਹਿੰਦੇ ਸੀ ਮਾਇਨਿੰਗ ਚੋਂ ਕੱਢਾਂਗੇ ਹਜਾਰ ਕਰੋੜ, ਸਰਾਬ ਚੋ ਦੁੱਗਣੇ ਤੇ ਹੁਣ ਫਟਾ ਫਟ ਰੱਖੀ ਜਾਂਦੇ ਨੇ ਪੰਜਾਬ ਨੂੰ ਗਿਰਵੀ ਤੇ ਚੱਕੀ ਜਾਂਦੇ ਨੇ ਕਰਜਾ।
ਕਹਿੰਦੇ ਸੈਂਟਰ ਤੋਂ ਆਏ ਫੰਡ ਮੈਚਿੰਗ ਗਰਾਂਟਾਂ ਨਾ ਹੋਣ ਕਰਕੇ ਬਿਨ ਵਰਤੋਂ ਕੀਤੇ ਹੀ ਵਾਪਿਸ ਹੋ ਗਏ। ਪਹਿਲਾਂ ਕੇਂਦਰੀ ਹੈਲਥ ਸਕੀਮ ਦਾ ਨਾਂ ਬਦਲ ਆਮ ਆਦਮੀ ਕਲੀਨਿਕ ਤੇ ਨਾਲ ਜੜਤੀ ਮੁੱਖ ਮੰਤਰੀ ਦੀ ਫੋਟੋ।ਸੈਂਟਰ ਨੇ ਪੈਸੇ ਨੀ ਦਿੱਤੇ ਕਿ ਸਾਡੀ ਸਕੀਮ ਦਾ ਤੁਸੀਂ ਨਾ ਬਦਲਤਾ।ਹੁਣ ਤਾਂ ਪੰਜਾਬ ਤੇ ਪ੍ਰਮਾਤਮਾ ਹੀ ਮਿਹਰ ਕਰੇ।
ਅੱਜ ਸੋਸਲ ਮੀਡੀਆ ਤੇ ਪੰਜਾਬ ਦੀ ਆਪ ਪਾਰਟੀ ਦੇ ਵਰਕਰਾਂ ਨੂੰ ਦਿੱਲੀ (ਲਾਲਾ ਨੰ ਟੂ )ਗੈਂਗਸਟਾਰ ਹੰਕਾਰ ਸੀਸੋਡਿਆ ਸਤਾਈ ਚੋਣ ਚੈਪਟਰ ਦੀ ਤਿਆਰੀ ਕਰਵਾਉਣ ਪੰਜਾਬ ਆਏ ਹੋਏ ਨੇ।
ਇੱਕ ਤਾਂ ਇਹਨਾਂ ਕੋਲ ਦਿੱਲੀ ਸਕੂਲ ਤੇ ਜੇਲ ਦਾ ਤਜ਼ਰਬਾ ਹੈ ਇਹੇ ਪੰਜਾਬੀ ਵਰਕਰਾਂ ਨੂੰ ਚੋਂਣਾਂ ਜਿੱਤਣ ਦੇ ਤਰੀਕੇ ਦੱਸਣ ਤੇ ਪੰਜਾਬ ਨੂੰ ਫਿਰ ਦਿੱਲੀ ਦੇ ਧਾੜਵੀ ਲੁੱਟਣ ਕੁੱਟਣ ਆਏ ਨੇ ਦੇਖੋ ਹੰਕਾਰ ਚ ਸਰੇਆਮ ਆਪਣੀ ਆਪ ਪਾਰਟੀ ਬੋਂਕਰੀਆ ਦੇ ਇਕੱਠ ਨੂੰ ਤਕਰੀਰ ਚ ਗੁੰਡਾ ਲਹਿਜੇ ਚ ਆਦੇਸ਼ ਦੇ ਰਹੇ ਹਨ ਕਿ ਸਤਾਈ ਦੀ ਚੋਣ ਸਾਮ, ਦਾਮ, ਦੰਡ, ਭੇਦ, ਲੜਾਈ, ਗਾਲ ਦੁਪੜ ਜਾਣੀ ਕਿ ਕੋਈ ਵੀ ਹੀਲਾ ਵਰਤੋ ਧੱਕੇ ਧੋਲੇ ਨਾਲ ਚੋਣ ਜਿੱਤਣੀ ਹੈ, ਤੁਸੀਂ ਤਿਆਰ ਹੋ ਤੇ ਜੋਸ਼ ਭਰਨ ਲਈ ਉਹਨਾਂ(workers) ਤੋਂ ਹਾਂ ਵੀ ਕਹਾਉਂਦੇ ਨੇ ਤੇ ਦੂਜਾ ਪੰਜਾਬ ਦੇ ਮੁੱਖ ਮੰਤਰੀ ਨੂੰ ਸਾਹਮਣੇ ਬਿਠਾ ਕੇ ਜਲੀਲ ਕਰ ਰਹੇ ਨੇ ਇਹ ਇਕੱਲੇ ਮੁੱਖ ਮੰਤਰੀ ਦੀ ਹੀ ਬੇਜ਼ਤੀ ਨਹੀਂ ਸਗੋਂ ਉਹਨਾਂ ਨਾਲ ਇਸ ਤਰਾਂ ਦਾ ਵਿਵਹਾਰ ਕਰਕੇ ਸਾਡੇ ਪੰਜਾਬ ਦੀ ਤੋਹੀਨ ਕੀਤੀ ਹੈ,ਇਹ ਦਿੱਲੀ ਦੇ ਹੰਕਾਰੇ ਹੋਏ ਲਾਲੇ ਨੇ ਜੋ ਪੰਜਾਬ ਦੀ ਲੁੱਟਮਾਰ ਕਰ ਰਹੇ ਹਨ ਪੰਜਾਬ ਦਾ ਪੈਸਾ ਆਮ ਆਦਮੀ ਪਾਰਟੀ ਲਈ ਦਿੱਲੀ ਚ ਪਾਣੀ ਵਾਂਗ ਵਹਾ ਰਹੀ ਹੈ।ਪਤਾ ਨਹੀਂ ਮਾਨ ਸਾਬ ਦੀ ਐਨੀ ਕੀ ਮਜਬੂਰੀ ਹੈ ਇਹਨਾਂ ਦੇ ਥੱਲੇ ਲੱਗਣ ਦੀ ਇੱਕ ਇੱਕ ਕਰਕੇ ਉਹ ਸਕਤੀਆ ਖੋਹੀ ਜਾ ਰਹੇ ਹਨ
ਤੇ ਤੀਸਰਾ ਸਵਾ ਸੋ ਤੋਂ ਵੱਧ ਬੰਦੇ ਗੈਰਕਾਨੂੰਨੀ ਤੌਰ ਤੇ ਹਰੇਕ ਵਿਭਾਗ ਫਾਇਲਾਂ ਚੈਕ ਕਰਨ ਤੇ ਲਾਏ ਹੋਏ ਹਨ ਜੋ ਹੁਕਮ ਦਿੱਲੀ ਵਾਲੇ ਆਕਾ ਦਾ ਉਹੀ ਮੰਨਿਆ ਜਾਣਾ ਤੇ ਮੰਤਰੀਆਂ ਕੋਲ ਫਾਇਲਾਂ ਕੇਜਰੀਮਈ ਕਰਕੇ ਜਾਂਦੀਆਂ ਹਨ ਉਹ ਤੇ ਕਾਠ ਦੇ ਘੁੱਗੂ ਹਨ ਕਿਉਕਿ ਉਹਨਾਂ ਸਾਰਿਆਂ ਦੀ ਜਮੀਰ ਲਾਲਾ ਜੀ ਦੇ ਲੋਕਰ ਚ ਰੱਖ ਦਿੱਤੀ ਗਈ ਹੈ ਤੇ ਸਾਰੇ ਮੰਤਰੀ ਸੰਤਰੀ ਤੇ ਅਫਸਰਸਾਹੀ ਦਾ ਆਪਣਾ ਦਿਮਾਗ ਹੈਂਗ ਕਰ ਕੇਜਰਮਈ ਚਿੱਪਾਂ ਇੰਨਸਟਾਲ ਕੀਤੀਆਂ ਹੋਈਆਂ ਨੇ ਜਿਹਨਾਂ ਦੇ ਸੋਫਟਵੇਅਰ ਦੀ ਕਮਾਂਡ ਲਾਲਾ ਵਨ ਐਂਡ ਟੂ ਕੋਲ ਹੈ ਉਹ ਤਾਂ ਦੋਵੇਂ ਜੇਲ
ਅੰਦਰੋ ਵੀ ਸੋਫਟਵੇਅਰ ਨਾਲ ਪੰਜਾਬ ਸਰਕਾਰ ਦਾ ਉ ਟੀ ਪੀ ਭੇਜਦੇ ਹਰੇ ਨੇ।
ਤਦ ਹੀ ਤਾਂ ਫਾਈਲਾਂ ਅੱਗੇ ਚਲਦੀਆਂ ਰਹੀਆ ਨੇ।
ਵੱਡੇ ਲਾਲਾ ਜੀ ਕਹਿੰਦੇ ਮੈਨੂੰ ਇੰਡਸਟਰੀ ਦਾ ਤਾਂ ਪਤਾ ਨਹੀਂ ਕੈਸੇ ਚਲਤੀ ਹੈ ਸਾਇਦ ਕਿਸੇ ਮੀਟਿੰਗ ਨੂੰ ਸੰਬੋਧਨ ਕਰ ਰਹੇ ਸਨ, ਫਿਰ ਤਾਂ ਖੇਤੀ ਵੀ ਨਹੀਂ ਆਉਂਦੀ, ਲੈਂਡ ਦੀ ਪੂਲਿਗ ਕਿਹੜਾ ਆਉਦੀ ਹੋਊ, ਬੱਸ ਤੁਹਾਨੂੰ ਤਾਂ ਟੈਕਸ ਹੀ ਆਉਦੇ ਨੇ ਹਾਂ ਸੱਚ ਮੈਂ ਤਾਂ ਭੁੱਲ ਹੀ ਗਿਆ ਸੀ ਕਸਮੀਰ ਚ ਗੁਰੂ ਦੀ ਸ਼ਹੀਦੀ ਸਤਾਬਦੀ ਤੇ ਸਾਡੇ ਤਾਂ ਪੈਰ ਹੀ ਥਿੜਕ ਪਏ ਪਰ ਮੰਤਰੀ ਤਾਂ ਸਿੱਖਿਆ ਵਿਭਾਗ ਵਾਲੇ ਸਨ ਪਰ ਗੁਰੂ ਨੇ ਸਮੱਤ ਬਖਸੀ ਅਕਾਲ ਤਖਤ ਸਾਹਿਬ ਤੋਂ ਭੁੱਲ ਬਖਸਾ ਆਏ ਤੇ ਤਨਖਾਹ ਵੀ ਪੂਰੀ ਕਰ ਲਈ ਇੱਕ ਨਿਮਾਣਾ ਸਿੱਖ ਬਣ ਕੇ ਤਾਂ ਹੀ ਤਾਂ ਕਹਿੰਦੇ ਆ ਕਿ ਮਨੁੱਖ ਗਲਤੀ ਦਾ ਪੁੱਤਲਾ ਹੈ।

ਸਾਰੀ ਦੁਨੀਆਂ ਚ ਮੁੱਖ ਮੰਤਰੀ ਦੀ ਬੇਹੱਦ ਕਿਰਕਾਰੀ ਹੋ ਰਹੀ ਹੈ ਕਿ ਮੁੱਖ ਮੰਤਰੀ ਸਿਰਫ ਲੱਕੜ ਦੀ ਮੋਹਰ ਹੀ ਹੈ,ਮੈਂ ਸਮਝਦਾ ਹਾਂ ਪੰਜਾਬ ਦੇ ਲੋਕਾਂ ਨੇ ਭਗਵੰਤ ਨੂੰ ਵੋਟਾਂ ਪਾ ਕੇ ਜਿਤਾਇਆ ਨਾ ਕਿ ਦਿੱਲੀ ਦੇ ਕਨਵੀਨਰ ਨੂੰ,
ਹਾਂ ਸੱਚ ਗੱਲ ਤਾਂ ਇਹ ਵੀ ਕਰਨ ਵਾਲੀ ਹੈ ਜਦੋਂ ਵੀ ਦਿੱਲੀ ਵਾਲੇ ਆਕਾ ਆਉਂਦੇ ਹਨ ਤਾਂ ਪੰਜਾਬ ਚ ਪ੍ਰੋਜੈਕਟਾਂ ਉਦਘਾਟਨ ਵੀ ਕੇਜਰਮਈ ਜਾਂ ਸਿਸੋਧੀਆਮਈ ਹੋ ਜਾਂਦੇ ਨੇ ਅਖੀਰ ਚ ਨਿੱਕਾ ਜਿਹਾ ਮੁੱਖ ਮੰਤਰੀ ਦਾ ਨਾ ਹੁੰਦਾ ਚਾਹੇ ਉਦਘਾਟਨ ਸਕੂਲ ਚ ਟੱਟੀਆਂ ਦੀ ਮੁਰੰਮਤ ਦੇ ਹੀ ਹੋਣ।
ਅੰਤ ਚ ਦੇਖਣ ਵਾਲੀ ਗੱਲ ਪੰਜਾਬੀਓ ਇਹ ਹੈ ਕਿ ਕਿੱਡਾ ਗੱਡਵਾਂ ਬਹੁਮਤ ਤੁਸੀਂ ਇੱਕ ਭਗਵੰਤ ਕਰਕੇ ਦਿੱਤਾ ਜਿਹੜਾ ਹੁਣ ਆਪ ਨੇ ਖੂੰਜੇ ਲਾਇਆ ਪਿਆ ਤੁਸੀਂ ਦੇਖਿਆ ਹੋਣਾ ਖਬਰਾਂ ਚ ਦਿੱਲੀ ਵਾਲੇ ਜਾਂ ਅਮਨ ਅਰੋੜਾ ਪਾਰਟੀ ਪ੍ਰਧਾਨ ਇੰਝ ਟਿੱਪਣੀ ਤੇ ਪ੍ਰੈਸ ਨਾਲ ਵਿਵਹਾਰ ਕਰਦਾ ਜਿਵੇਂ ਮੁੱਖ ਮੰਤਰੀ ਉਹ ਹੋਵੇ ਖਾਸਕਰ ਜਦੋਂ ਦਿੱਲੀ ਵਾਲੇ ਆਏ ਹੋਣ।ਵੈਸੇ ਹੁਣ ਤਾਂ ਇੱਕ ਕਿਸਮ ਦਾ ਮੋਹਰਾ ਬਣਾ ਕੇ ਵਰਤ ਰਹੇ ਨੇ ਦਿੱਲੀ ਵਾਲੇ ਖੇਡ ਤੇ ਉਹਨਾਂ ਪਹਿਲਾਂ ਹੀ ਰਚਦਿੱਤੀ ਸੀ ਜਦੋਂ ਪੰਜਾਬ ਦੇ ਸਾਰੇ ਸੀਨੀਅਰ ਆਗੂਆਂ ਨੂੰ ਅੱਖੋ ਪਰੋਕੇ ਕਰਕੇ ਜਾਂ ਤਾਂ ਨਵਿਆਂ ਵਿਧਾਇਕਾਂ ਨੂੰ ਮੰਤਰੀ ਮੰਡਲ ਚ ਲਿਆ ਤਾਂ ਕਿ ਕਨਵੀਨਰ ਤੋਂ ਬਾਹਰ ਨਾ ਜਾਣ
ਤੇ ਜਾਂ ਉਹ ਜੋ ਮੁੱਖ ਮੰਤਰੀ ਦੇ ਖੇਮੇ ਵਾਲੇ ਨਹੀਂ ਸਨ ਤੇ ਜਿਹੜੇ ਮੁੱਖ ਮੰਤਰੀ ਦੇ ਨਜਦੀਕੀ ਸਨ ਉਹਨਾਂ ਤੋਂ ਵਜੀਰੀਆਂ ਖੋਹ ਲਈਆਂ ਤੇ ਮੁੱਖ ਮੰਤਰੀ ਨੂੰ ਵੱਤਰ ਜਿਹਾ ਕਰ ਲਿਆ ਗਿਆ ਫਿਰ ਪ੍ਰਧਾਨਗੀ ਵੀ ਭਗਵੰਤ ਤੋਂ ਖੋਹ ਅਮਨ ਅਰੋੜੇ ਨੂੰ ਦੇ ਦਿੱਤੀ। ਸੋ ਇਸ ਤਰਾਂ ਚਲ ਰਹੀ ਹੈ ਸੀ ਐਮ ਬਨਾਮ ਹਾਈ ਕਮਾਂਡ ਤੇ ਪੰਜਾਬ ਪ੍ਰਧਾਨ ਆਮ ਆਦਮੀ ਪਾਰਟੀ ਪ੍ਰੈਸ਼ਰ ਬਿੰਲਡਿੰਗ ਟੂਲ। ਵਿਧਾਨ ਸਭਾ ਸਪੀਕਰ ਸੰਧਵਾਂ ਤੇ ਅਮਨ ਅਰੋੜਾ ਵੀ ਲੈ ਰਹੇ ਨੇ ਸੀ ਐਮ ਦੀ ਕੁਰਸੀ ਦੇ ਖੁਆਬ।

## ਬੇਜ਼ੁਬਾਨ ਜਾਨਵਰਾਂ ਦੀ ਸੇਵਾ ਕਰਨ ਵਾਲੇ ਡਾ. ਗੁਰਬਚਨ ਸਿੰਘ ਢੀਂਡਸਾ

ਵਰਲਡ ਪੰਜਾਬੀ ਟਾਈਮਜ਼
ਮੇਜਰ ਸਿੰਘ ਨਾਭਾ




ਪਿੰਡਾਂ ਵਿੱਚ ਆਜ਼ਾਦੀ ਤੋਂ ਪਹਿਲਾਂ ਦੀ ਜੇ ਕਰ ਗੱਲ ਕਰੀਏ ਤਾਂ ਉਸ ਸਮੇਂ ਪਿੰਡਾਂ 'ਚ ਵਿੱਦਿਆ ਲੈਣ ਲਈ ਕੋਈ ਨੇੜੇ ਸਕੂਲ ਨਹੀਂ ਹੁੰਦਾ ਸੀ । ਕੋਈ ਵਿਰਲਾ ਹੀ ਵਿੱਦਿਆ ਪ੍ਰਾਪਤ ਕਰਦਾ ਸੀ ਫਿਰ ਵੀ ਪਿੰਡਾਂ 'ਚ ਕੋਈ ਵਿਰਲਾ ਪਰਿਵਾਰ ਵਿੱਦਿਆ ਪ੍ਰਾਪਤ ਕਰਕੇ ਨਮੂਨਾ ਖੱਟਣ ਵਾਲੇ ਹੁੰਦੇ ਸੀ ।ਇਹੋ ਜਿਹੇ ਹੀ ਢੀਂਡਸਾ ਪਰਿਵਾਰ ਦੀ ਸ਼ਖਸ਼ੀਅਤ ਹੈ ਸ੍ਰ. ਗੁਰਬਚਨ ਸਿੰਘ ਢੀਂਡਸਾ , ਜਿਨ੍ਹਾਂ ਦਾ ਜਨਮ ਪਿੰਡ ਦੰਦਰਾਲਾ ਢੀਂਡਸਾ (ਪਟਿਆਲਾ) ਵਿਖੇ ਸਵ: ਸ੍ਰ. ਕਰਤਾਰ ਸਿੰਘ ਢੀਂਡਸਾ ਪੁੱਤਰ ਸ੍ਰ. ਹੀਰਾ ਸਿੰਘ ਦੇ ਘਰ ਮਾਤਾ ਸਰਦਾਰਨੀ ਗੋਬਿੰਦ ਕੌਰ ਦੀ ਕੁੱਖੋਂ 27 ਅਪ੍ਰੈਲ 1932 ਨੂੰ ਹੋਇਆ ।ਉਨ੍ਹਾਂ ਦੇ ਪਿਤਾ ਜੀ ਨੇ ਉਸ ਸਮੇਂ ਉਚੇਰੀ ਪੜ੍ਹਾਈ ਮਹਿੰਦਰਾ ਕਾਲਜ ਪਟਿਆਲਾ ਤੋਂ ਕੀਤੀ ਹੋਈ ਸੀ ਅਤੇ ਕਾਲਜ ਦੀ ਫੁੱਟਬਾਲ ਟੀਮ ਦੇ ਕੈਪਟਨ ਵੀ ਰਹੇ । ਜਿਨ੍ਹਾਂ ਦਾ ਇਲਾਕੇ ਵਿੱਚ ਨਾਂ ਸੀ ਅਤੇ ਉਨ੍ਹਾਂ ਅੰਗਰੇਜ਼ ਕਾਲ ਸਮੇਂ ਫੌਜ 'ਚ ਚੰਗੇ ਅਹੁਦੇ ਤੇ ਨੌਕਰੀ ਕੀਤੀ ਸੀ।ਬਾਦ 'ਚ ਰਿਆਸਤ ਨਾਭਾ ਵਿੱਚ ਵੀ ਉਨ੍ਹਾਂ ਨੇ ਉੱਚ ਅਹੁਦੇ ਤੇ ਇਮਾਨਦਾਰੀ ਨਾਲ ਕੰਮ ਕੀਤਾ ।ਇਹੋ ਸੰਸਕਾਰ ਉਨ੍ਹਾਂ ਦੇ ਬੱਚਿਆ ਵਿੱਚ ਵੀ ਸਮੋਏ ਹੋਏ ਹਨ। ਗੁਰਬਚਨ ਸਿੰਘ ਦੇ ਵੱਡੇ ਭਰਾ ਸ੍ਰ. ਅਜੀਤ ਸਿੰਘ ਢੀਂਡਸਾ ਰਿਟਾ: ਬੀ.ਡੀ.ਓ. , ਛੋਟੇ ਭਰਾ ਸਵ: ਸ੍ਰ. ਗੁਰਬਖਸ ਸਿੰਘ ਢੀਂਡਸਾ ਸਾਬਕਾ ਸਰਪੰਚ , ਸ੍ਰ.ਬਖਸ਼ੀਸ਼ ਸਿੰਘ ਢੀਂਡਸਾ ਅਤੇ ਗਿਆਨੀ ਸੁਰਜੀਤ ਸਿੰਘ ਢੀਂਡਸਾ ਹਨ।ਗੁਰਬਚਨ ਸਿੰਘ ਨੇ ਮੁੱਢਲੀ ਪੜ੍ਹਾਈ ਪਿੰਡ ਦੇ ਸਕੂਲ ਤੋਂ ਕਰਨ ਬਾਅਦ ਦਸਵੀਂ ਤੱਕ ਦੀ ਵਿੱਦਿਆ ਨਾਭਾ ਦੇ ਸਟੇਟ ਸਕੂਲ ਤੋਂ ਪ੍ਰਾਪਤ ਕੀਤੀ । ਇਸ ਉਪਰੰਤ ਉਚੇਰੀ ਪੜ੍ਹਾਈ ਲਈ ਉਨ੍ਹਾਂ ਨੇ ਸਰਕਾਰੀ ਰਿਪੁਦਮਨ ਕਾਲਜ ਨਾਭਾ ਵਿਖੇ ਦਾਖਲਾ ਲੈ ਲਿਆ ਅਤੇ ਉਨ੍ਹਾਂ 1951- 1953 'ਚ ਐਫ.ਏ. ਪਾਸ ਕਰ ਲਈ ।ਅਗਲੇਰੀ ਪੜ੍ਹਾਈ ਲਈ ਉਨ੍ਹਾਂ ਨੇ ਸਰਕਾਰੀ ਰਣਬੀਰ ਕਾਲਜ ਸੰਗਰੂਰ ਵਿਖੇ ਦਾਖਲਾ ਲੈ ਲਿਆ ਇਸੇ ਦੌਰਾਨ ਉਨ੍ਹਾਂ ਨੇ 1954 ਵਿੱਚ ਵੈਟਰਨਰੀ ਡਾਕਟਰ ਦੀ ਪੜ੍ਹਾਈ ਲਈ 'ਵੈਟਰਨਰੀ ਇੰਸਟੀਚਿਊਟ' ਫਰੀਦਕੋਟ ਵਿਖੇ ਦਾਖਲਾ ਲੈ ਕੇ ਇਹ ਪੜ੍ਹਾਈ 1955-56 ਵਿੱਚ ਪੂਰੀ ਕਰ ਲਈ ।ਉਹ ਉਸ ਸਮੇਂ ਹਾਕੀ ਦੇ ਵਧੀਆ ਖਿਡਾਰੀ ਰਹੇ । ਉਨ੍ਹਾਂ ਦਾ ਵਿਆਹ ਕਿਲ੍ਹਾ ਰਾਏਪੁਰ ਦੇ ਹਵਾਲਦਾਰ ਜੋਗਿੰਦਰ ਸਿੰਘ ( ਸ਼ਹੀਦ) ਦੀ ਪੁੱਤਰੀ ਸੁਖਵਿੰਦਰ ਕੌਰ ਨਾਲ ਹੋਇਆ । ਉਨ੍ਹਾ ਦੇ ਘਰ ਦੋ ਬੇਟੇ ਅਤੇ ਦੋ ਬੇਟੀਆਂ ਨੇ ਜਨਮ ਲਿਆ । ਵੱਡਾ ਬੇਟਾ ਡਾ: ਜਸਵੀਰ ਸਿੰਘ ਢੀਂਡਸਾ ਪੀ.ਐਚ.ਡੀ.( ਜਿਊਲਜੀ) ਨੇ ਮੱਛੀ ਪਾਲਣ ਵਿਭਾਗ ਵਿੱਚ ਨੌਕਰੀ ਸ਼ੁਰੂ ਕੀਤੀ ਅਤੇ ਤਰੱਕੀ ਕਰਦੇ ਹੋਏ ਬਤੌਰ ਡਿਪਟੀ ਡਾਇਰੈਕਟਰ ਸੇਵਾ ਮੁਕਤ ਹੋਏ ।ਪੋਤਰਾ ਮੋਬਲ ਸਿੰਘ ਢੀਂਡਸਾ ਕੇਨੇਡਾ ਵਿਖੇ ਰਹਿ ਰਿਹਾ ਹੈ ।
ਦੂਸਰਾ ਬੇਟਾ ਬਰਿੰਦਰ ਸਿੰਘ ਨੇ ਐਮ.ਏ. ( ਪੰਜਾਬੀ ਆਨਰਜ਼) ਕੀਤੀ ਹੋਈ ਹੈ ।ਉਸ ਦਾ ਬੇਟਾ (ਪੋਤਰਾ) ਤੇਗਆਦੇਸ਼ਪਾਲ ਸਿੰਘ ਢੀਂਡਸਾ ਕਨੇਡਾ ਵਿਖੇ ਪੱਕਾ ਵਸਨੀਕ ਹੈ । ਬੇਟੀ ਸਤਵੀਰ ਕੌਰ ਰਾਮਪੁਰਾ (ਬਠਿੰਡਾ) ਵਿਖੇ ਹਰਦੀਪ ਸਿੰਘ ਸਿੱਧੂ ਨਾਲ ਵਿਆਹੀ ਹੋਈ ਹੈ । ਬੇਟੀ ਰੁਪਿੰਦਰ ਕੌਰ ਦੁੱਗਾਂ (ਸੰਗਰੂਰ) ਵਿਖੇ ਸਿਆਸਤ ਸਿੰਘ ਗਿੱਲ ਨਾਲ ਵਿਆਹੀ ਹੋਈ ਹੈ । ਉਨ੍ਹਾਂ ਦੀ ਪਹਿਲੀ ਪੋਸਟਿੰਗ ਬਤੌਰ ਵੈਟਰਨਰੀ ਡਾਕਟਰ 1957 ਵਿੱਚ ਜਾਖਲ ਹ ਉਸ ਨੇ ਫਰੀਦਕੋਟ ਵਿਖੇ ਕਾਲਜ ਤੋਂ ਵੀ. ਵੈਟਰਨਰੀ ਕਰ ਲਈ । ਉਨ੍ਹਾਂ ਨੂੰ ਡੇਅਰੀ ਵਿਭਾਗ ਵਿੱਚ ਕੁੱਲੂ (ਹੁਣ ਹਿਮਾਚਲ ਪ੍ਰਦੇਸ਼) ਵਿਖੇ ਨੌਕਰੀ ਮਿਲ ਗਈ । ਇਹ ਨੌਕਰੀ ਛੱਡ ਕੇ ਉਹ ਪਸ਼ੂ ਪਾਲਣ ਵਿਭਾਗ ਵਿੱਚ ਬੇਜ਼ੁਬਾਨ ਪਸ਼ੂਆਂ , ਜੀਵ- ਜਾਨਵਰਾਂ ਦੀ ਸੇਵਾ ਕਰਨ ਲਈ ਆ ਗਏ । ਉਨ੍ਹਾਂ ਨੇ ਇਹ ਡਿਊਟੀ ਬਤੌਰ ਵੈਟਰਨਰੀ ਡਾਕਟਰ ਸਰਦੂਲਗੜ੍ਹ , ਭਵਾਨੀਗੜ੍ਹ , ਭੁੱਟਾ , ਘਰਾਚੋਂ ਵਿਖੇ ਕੀਤੀ । ਇਹ ਡਿਊਟੀ ਉਨ੍ਹਾਂ ਕਈ ਸਟੇਸ਼ਨਾਂ ਤੇ ਉਥੇ ਰਹਿ ਕੇ ਨਿਭਾਈ ਅਤੇ ਕਈਆਂ ਸਟੇਸ਼ਨਾਂ ਤੇ ਸਾਈਕਲ ਉੱਪਰ ਰੋਜ਼ਾਨਾ ਨਾਭੇ ਤੋਂ ਜਾ ਕੇ ਕੀਤੀ ।ਘਰਾਚੋਂ ਤੋਂ ਤਕਰੀਬਨ 10 ਸਾਲ ਸਰਵਿਸ ਕਰਨ ਉਪਰੰਤ 30 ਅਪ੍ਰੈਲ 1990 ਨੂੰ ਸੇਵਾ ਮੁਕਤ ਹੋਏ ।ਡਾ: ਗੁਰਬਚਨ ਸਿੰਘ ਢੀਂਡਸਾ ਨੇ ਪੂਰੀ ਇਮਾਨਦਾਰੀ ਅਤੇ ਸਾਦਗੀ ਨਾਲ ਆਪਣੀ ਸਾਰੀ ਸੇਵਾ ਨਿਭਾਈ । ਉਨ੍ਹਾਂ ਦਾ ਸੁਭਾਅ , ਬੋਲ ਚਾਲ ਹਰੇਕ ਨੂੰ ਪ੍ਰਭਾਵਿਤ ਕਰਦੀ ਹੈ । ਇਹੋ ਜਿਹੇ ਇਨਸਾਨ ਦਾ ਸਮਾਜ ਵਿੱਚ ਆਪਣਾ ਵਿਸ਼ੇਸ਼ ਸਥਾਨ ਆਪ ਹੀ ਬਣ ਜਾਂਦਾ ਹੈ ।ਇਹ ਪਿੰਡ ਦੰਦਰਾਲਾ ਢੀਂਡਸਾ ਦੀ ਮਾਣਮੱਤੇ ਢੀਂਡਸਾ ਪਰਿਵਾਰ ਦੀ ਸਖਸ਼ੀਅਤ ਹੈ ਜਿਸ ਨੇ ਨਾਭਾ ਸ਼ਹਿਰ ਵਿੱਚ ਵੀ ਆਪਣੀ ਨਿਵੇਕਲੀ ਪਹਿਚਾਣ ਬਣਾਈ ਹੈ । ਪ੍ਰਮਾਤਮਾ ਢੀਂਡਸਾ ਪਰਿਵਾਰ ਨੂੰ ਤੰਦਰੁਸਤੀ ਅਤੇ ਚੜ੍ਹਦੀਕਲਾ ਬਖਸ਼ੇ ।

## ਲੰਬੜਦਾਰਾ ਲੈਣਾ ਈ ਮੈਂ ਲਾਲ ਘੱਗਰਾ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

ਪੰਜਾਬੀ ਪਹਿਰਾਵਾ ਸਭਿਆਚਾਰ ਵਿਚ ਨਾਰੀ ਸ਼ਖ਼ਸੀਅਤ ਦੀ ਸੁੰਦਰ ਦਿਖ ਦੀ ਨਿਸ਼ਾਨਦੇਹੀ ਕਰਦਾ ਹੈ ਘੱਗਰਾ। ਦੁਨੀਆਂ ਵਿਚ ਸਭ ਤੋਂ ਜ਼ਿਆਦਾ ਰੋਅਬਦਾਰ, ਇੱਜ਼ਤਦਾਰ, ਸ਼ਰਮ-ਹਯਾ ਵਿਚ ਸਾਕਾਰ, ਪਵਿੱਤਰ ਅਤੇ ਸਾਧਾਰਣ ਆਕਰਸ਼ਕ ਦਿੱਖ ਦਾ ਪਹਿਰਾਵਾ ਹੈ ਪੰਜਾਬ ਦਾ। ਪੰਜਾਬੀ ਪਹਿਰਾਵਿਆਂ 'ਚੋਂ ਸਾਧਾਰਣ, ਸ਼ਲੀਲ ਅਤੇ ਸੰਵੇਦਨਸ਼ੀਲ ਭੌਤਿਕ, ਦੈਹਿਕ ਸੁੱਖ ਵਾਲਾ ਪਹਿਰਾਵਾ ਆਉਂਦਾ ਹੈ ਘੱਗਰਾ। ਛੋਟੀਆਂ ਬੱਚੀਆਂ, ਅਲ੍ਹੜ ਉਮਰ (ਕਿਸ਼ੋਰ ਅਵਸਥਾ) ਅਤੇ ਪ੍ਰੌਢ ਅਵਸਥਾ ਤੱਕ ਘੱਗਰਾ ਪੰਜਾਬੀ ਪਹਿਰਾਵੇ ਦੀ ਪ੍ਰਤੀਨਿਧਤਾ ਕਰਦਾ ਹੈ। ਵੈਸੇ ਤਾਂ ਘੱਗਰਾ ਖ਼ੂਬਸੂਰਤ ਸਮਾਗਮਾਂ, ਵਿਆਹ-ਸ਼ਾਦੀਆਂ ਅਤੇ ਜਵਾਨੀ ਦਾ ਬੇਹਤਰੀਨ ਆਕਸਕ ਮਨਮੋਹਨਾ ਤੇਜਸਵੀ ਪ੍ਰਤੀ ਹੈ। ਘੱਗਰੇ ਦੀ ਸੁੰਦਰਤਾ ਉਪਰ ਸਾਹਿਤ ਦੀ ਹਰ ਵਿਧਾ ਵਿਚ ਲਿਖਿਆ ਗਿਆ ਹੈ। ਉਪਮਾਵਾਂ, ਅਲੰਕਾਰਾਂ, ਤਸਬੀਰਾਂ, ਪ੍ਰਤੀਕਾਂ-ਬਿੰਬਾ ਨਾਲ ਘੱਗਰੇ ਦੀ ਵਡਿਆਈ ਅਤੇ ਖੂਬਸੂਰਤੀ ਨੂੰ ਸ਼ਿੰਗਾਰ-ਰਸ ਵਿਚ ਓਤ-ਪ੍ਰੋਤ ਕਰਦਿਆਂ ਪ੍ਰਸਿੱਧੀ ਅਤੇ ਬੁਲੰਦੀ ਤੱਕ ਪਹੁੰਚਾ ਦਿੱਤਾ ਹੈ। ਘੱਗਰੇ ਦੀ ਘੁਮਾਉਦਾਰ ਬਣਤਰ ਅਤੇ ਰੋਮਾਂਟਿਕ-ਰੋਮਾਂਚਿਤ ਦਿੱਖ ਕਰਕੇ ਇਸ ਦੀਆਂ ਧੁੰਮਾਂ ਅਤੇ ਪ੍ਰਸਿੱਧੀ ਵਿਦੇਸ਼ਾਂ ਤੱਕ ਜਾ ਪਹੁੰਚੀ ਹੈ। ਖ਼ਾਸ ਕਰਕੇ ਫਿਲਮਾਂ ਦੇ ਸ਼ਾਨਦਾਰ ਸਮਾਗਮਾਂ, ਕੱਵਾਲੀਆਂ, ਵਿਆਹ-ਸ਼ਾਦੀਆਂ ਆਦਿ ਵਿਚ ਇਸ ਦੀ ਦਿਲਕਸ਼ ਪੇਸ਼ਗੋਈ ਨੇ ਘੱਗਰੇ ਨੂੰ ਵਿਦੇਸ਼ਾਂ ਤਕ ਪਹੁੰਚਾ ਦਿੱਤਾ ਅਤੇ ਵਿਦੇਸ਼ੀ ਲੋਕਾਂ ਨੇ ਇਸ ਨੂੰ ਆਦਰ-ਸਤਿਕਾਰ ਸਹਿਤ ਆਪਣੇ ਸਭਿਆਚਾਰ ਵਿਚ ਸ਼ਾਮਿਲ ਕਰ ਲਿਆ। ਭਾਰਤ (ਪੰਜਾਬ) ਵਿਚ ਵੀ ਨਹੀਂ ਘੱਗਰੇ ਨੂੰ ਤਰ੍ਹਾਂ-ਤਰ੍ਹਾਂ ਨਾਲ ਡਿਜ਼ਾਇਨ (ਸ਼ਿਲਪ) ਕਰਕੇ ਕੀਮਤੀ ਕਪੜੇ ਵਿਚ ਤਿਆਰ ਕੀਤਾ ਜਾਂਦਾ ਹੈ। ਇਹ ਭਾਰਤੀਏ ਵਿਹਾਰਕ ਪਰੰਪਰਾਗਤ ਪਹਿਰਾਵਾ ਵਿਸ਼ਵ ਵਿਚ ਮਸਹੂਰ ਹੋ ਚੁੱਕਾ ਹੈ। ਅਜ ਕਲ੍ਹ ਵਿਦੇਸ਼ਾਂ ਵਿਚ ਵੀ ਵਿਆਹ ਸ਼ਾਦੀਆਂ ਅਤੇ ਮਹੱਤਵ ਪੂਰਨ ਸਮਾਗਮਾਂ ਵਿਚ ਘੱਗਰਾ (ਲਹਿੰਗਾ) ਅਧਿਕਾਧਿਕ ਪਸੰਦ ਕੀਤਾ ਜਾਂਦਾ ਹੈ,

ਘੱਗਰੇ ਦੀ ਗੋਲਾਕਾਰ ਘੁਮਾਊ ਬਣਾਵਟ ਕਸਾਵਟ, ਅਕਾਵਟ, ਨਜ਼ਾਕਤ, ਤੇਜ਼ਸਵੀ ਸੰਵੇਦਨਸ਼ੀਲਤਾ, ਦਿਲ ਖੋਊ ਦਿੱਖ, ਗਰਿੱਮਾ, ਪ੍ਰਭਾਵ, ਲਪਕ, ਕਲਕ, ਨੂਤਨ ਰਚਨਾਤਮਕ ਸ਼ੈਲੀ ਅਤੇ ਦਿਲ ਟੁੰਬਵਾਂ ਯਥਾਰਥ, ਭਾਰਤੀਏ (ਪੰਜਾਬ) ਸੰਸਕ੍ਰਿਤੀ ਦਾ ਮੁਲੱਆਂਕਣ ਕਰਦੇ ਹੋਏ ਨਾਰੀ ਦੀ ਕੋਸ਼ਲਾਂਗਤਾ ਨੂੰ ਸਹਿਚਰੀ ਅਤੇ ਅਨੁਚਰੀ ਬਣਾ ਦਿੰਦਾ ਹੈ, ਖੂਬਸੂਰਤ ਚਿਹਰੇ ਦੀ ਦਿੱਖ, ਲੰਬੀ ਗੁੱਤ, ਰੰਗਦਾਰ ਫੁੰਮਣਾਂ ਵਾਲਾ ਗੁੰਦਿਆ ਪਰਾਂਦਾ ਅਤੇ ਕਢਾਈਦਾਰ, ਕਸੀਦਾਕਾਰੀ ਵਾਲੀ ਸੰਕੇਤਿਕ ਪ੍ਰਭਾਵੀ ਰੁਮਾਂਟਿਕਦਾਰ, ਮਰਮ ਸਪਰਸ਼ੀ ਕੁੜਤੀ, ਪੂਛਲਦਾਰ ਡੋਰੇ ਦੀ ਖਿੱਚ ਵਾਲਾ ਕਜਲਾ (ਸੁਰਮਾ), ਬੋਸਕੀ ਵਾਲਾ ਕਪੜਾ, ਲਹਿਰਾਂਦਾ ਮੇਚਦਾਰ ਸੱਤਰੰਗੀ ਪੀਂਘ ਵਰਗਾ ਡੋਰੀਆ, ਹੱਸ ਦੰਦਾਂ ਦੀ ਪ੍ਰੀਤ, ਗਹਿਣਿਆਂ ਦਾ ਜੱਚਣਾ, ਜੜਾਊਦਾਰ ਗਾਨੀ, ਅਲਸੀ ਦੇ ਫੁੱਲ ਜਿਹੀ ਕਿਰਮਰੀ, ਨਾਰੰਗੀ, ਪਿਆਜੀ ਜੀ ਸੂਹੀ, ਧੂਹ ਪਾਉਣ ਵਾਲੀ ਤੰਗ ਕੁੜਤੀ ਅਤੇ ਮੇਚਦਾਰ ਜਚਦਾ ਧੁੰਨੀ ਹੇਠ ਕਸਾਵਟਦਾਰ ਘੱਗਰਾ ਲੋਹੜੇ ਦਾ ਕਹਿਰ ਢਾਹ ਦਿੰਦਾ ਹੈ। ਕਿਸੇ ਕਵੀ ਨੇ ਕਿਹਾ ਹੈ – ਤੇਰੀ ਘੱਗਰੀ ਬਰਾਨੀ ਖੇਤੀ, ਸੁੱਥਣਾ ਨੂੰ ਪੈਣ ਮਾਮਲੇ ਅਤੇ ਰੰਨੇ ਚੱਜ ਨਹੀਂ ਵੱਸਣ ਦੇ ਤੇਰੇ, ਘੱਗਰੇ ਤੇ ਪਾਵੇਂ ਬੂਟੀਆਂ ਅਤੇ ਘੱਗਰੀਏ ਸੁਫਦੀਏ ਤੈਨੂੰ ਜੇਠ ਮਰੇ ਤੇ ਪਾਵਾਂ ਅਤੇ ਆਰਾ-ਆਰਾ-ਆਰਾ, ਸ਼ੈਲ ਗੁਲਾਬੀ ਘੱਗਰਾ, ਵਿਚ ਸੱਪ ਦੇ ਬੱਚੇ ਦਾ ਨਾਲਾ, ਮਿਤਰਾਂ ਨੂੰ ਮਾਰ ਗਈ ਨੀ ਤੇਰੀ ਲਾਲ ਘੱਗਰੀ, ਪਿੰਡ ਦਿਆਂ ਲੰਬੜਦਾਰਾਂ ਪਾਉਣਾ ਈ ਮੈਂ ਲਾਲ ਘੱਗਰਾ ਆਦਿ।ਪੰਜਾਬੀ, ਹਿੰਦੀ, ਉਰਦੂ, ਰਾਜਸਥਾਨੀ, ਹਰਿਆਣਵੀ, ਹਿਮਾਚਲੀ, ਡੋਗਰੀਆਦਿ ਭਾਸ਼ਾਵਾਂ ਦੇ ਕਵੀਆਂ ਲੇਖਕਾਂ ਨੇ ਇਸ ਦਾ ਜ਼ਿਕਰ ਪ੍ਰਤੀਕਾ, ਬਿੰਬਾ ਅਤੇ ਵੱਖ-ਵੱਖ ਵਿਧਾਵਾਂ ਵਿਚ ਦੁਨਿਆਵੀ ਤੌਰ 'ਤੇ ਖੁੱਲ੍ਹ ਕੇ ਕੀਤਾ ਹੈ।

ਘੱਗਰੇ ਦੇ ਪ੍ਰੇਮ ਆਦਰ ਭਾਵ ਦੇ ਸ਼ਬਦ, ਗੀਤ, ਬੋਲ, ਬੋਲੀਆਂ, ਟੱਪੇ ਆਦਿ ਨੂੰ ਲਾਲਿਤਯ ਅਤੇ ਮਿਠਾਸ ਪ੍ਰਦਾਨ ਕਰਦੇ ਹਨ, ਵਿਆਹ-ਸ਼ਾਦੀਆਂ ਦੇ ਸੰਖੇਪਕਰਣ ਨਾਲ ਪਰੰਪਰਾਵਾਂ ਅਤੇ ਗੀਤਾਂ ਨੂੰ ਬਲ ਮਿਲਦਾ ਹੈ। ਘਗਰੇ ਉਪਰ ਆਂਚਲਿਕ ਬੋਲੀਆਂ ਭਾਸ਼ਾਂ ਨੂੰ ਜਿੱਥੇ ਅਮਰ ਕਰਦੀਆਂ ਹਨ ਉਥੇ ਸੰਪੁਸ਼ਟੀ ਵੀ ਕਰਦੀਆਂ ਹਨ।ਪ੍ਰਾਚੀਨ ਇਤਿਹਾਸ ਵੱਲ ਝਾਤ ਮਾਰੀਏ ਤਾਂ ਘੱਗਰਾ ਪਹਿਰਾਵਾ ਮਹਾਂਭਾਰਤ, ਰਾਮਾਇਣ ਅਤੇ ਹੋਰ ਗ੍ਰੰਥਾਂ ਵਿਚ ਵੀ ਮਿਲਦਾ ਹੈ। ਮਹਾਨ ਕਵੀ ਕਾਲੀਦਾਸ ਨੇ ਔਰਤ ਦੇ ਹਰ ਅੰਗ-ਹਰ ਪਹਿਰਾਵੇ ਦੀ ਉਪਮਾਵਾਂ ਸਹਿਤ ਤਾਰੀਫ਼ ਕੀਤੀ ਹੈ। ਘੱਗਰਾ-ਚੋਲੀ (ਲਹਿੰਗਾ-ਚੋਲੀ) ਅਤੇ ਜਾਂ ਸਥਾਨੀਏ ਰੂਪ ਵਿਚ ਚੋਲੀ ਦੇ ਰੂਪ ਵਿਚ ਵੀ ਜਾਣਿਆਂ ਜਾਂਦਾ ਹੈ। ਭਾਰਤੀਏ ਉਪਮਹਾਂਦੀਪ ਦੀਆਂ ਮਹਿਲਾਵਾਂ ਦੇ ਲਈ ਇਕ ਪ੍ਰਕਾਰ ਦਾ ਜਾਤੀਏ ਵਸਤਰ ਹੈ। ਵਿਸ਼ੇਸ਼ ਰੂਪ ਵਿਚ ਪੰਜਾਬ, ਹਰਿਆਣਾ, ਗੁਜਰਾਤ, ਮੱਧ ਪ੍ਰਦੇਸ਼, ਉਤਰ ਪ੍ਰਦੇਸ਼, ਬਿਹਾਰ, ਹਿਮਾਚਲ, ਉਤਰਾ ਖੰਡ, ਜੰਮੂ-ਕਸ਼ਮੀਰ ਅਤੇ ਸਿੰਧ ਦੇ ਪਾਕਿਸਤਾਨੀ ਪ੍ਰਾਤਾਂ ਵਿਚ ਇਸ ਦੀ ਹੋਂਦ ਪ੍ਰਚਲਿਤ ਹੈ।

ਪੰਜਾਬ ਵਿਚ ਪਾਰੰਪਰਿਕ ਰੂਪ ਵਿਚ ਘੱਗਰਾ (ਲਹਿੰਗਾ) ਕੁੜਤੀ ਦੇ ਨਾਲ ਹੀ ਪਹਿਣਿਆ ਜਾਂਦਾ ਹੈ। ਘੱਗਰਾ ਅਤੇ ਕੁੜਤੀ (ਬਲਾਊਜ) ਦਾ ਇਕ ਸੰਯੋਜਨ ਹੈ। ਹਾਲਾਂ ਕਿ ਸਮਕਾਲੀਨ ਅਤੇ ਆਧੁਨਿਕ ਉਪਯੋਗ ਵਿਚ ਘੱਗਰਾ-ਕੁੜਤੀ ਦੱਖਣ ਏਸ਼ੀਆ ਵਿਚ ਫੈਸ਼ਨ ਡਿਜਾਇਨਰਾਂ, ਟਰੇਡ ਸੈਂਟਰਸ ਅਤੇ ਬੁਟਿਕ ਦੁਆਰਾ ਅਧਿਕ ਲੋਕ ਪ੍ਰਿਯ (ਲੋਕ-ਪਸੰਦ) ਅਤੇ ਵਪਾਰਕ ਰੂਪ ਵਿਚ ਸਵੀਕ੍ਰਿਤ ਸ਼ਬਦ ਹੈ ਕਿਉਂਕਿ ਇਕ ਤਿੰਨ ਟੁਕੜਾ ਪੋਸ਼ਾਕ ਹੈ। ਕਮਰ ਤਕ ਸੁਰਖਿਅਤ ਅਤੇ ਮਿਡ-ਰਿਫ ਲੰਗੇ ਛੜਕੇ। ਘੱਗਰਾ (ਲਹਿੰਗਾ-ਚੋਲੀ) ਆਮ ਅਤੇ ਖ਼ਾਸ ਤੌਰ 'ਤੇ ਕੀਮਤੀ ਦਰ ਕੀਮਤੀ ਕਸ਼ੀਦਾਕਾਰੀ ਮੁਦਰਿਤ ਅਲੰਕ੍ਰਿਤ ਹੈ। ਘੱਗਰਾ 10ਵੀਂ ਸ਼ਤਾਬਦੀ ਦੇ ਦੌਰਾਨ ਮੁੱਖ ਰੂਪ ਵਿਚ ਉਤਰ ਭਾਰਤ ਵਿਚ, ਮਹਿਲਾਵਾਂ ਦੇ ਵਿਚ ਪੋਸ਼ਾਕ ਦੇ ਰੂਪ ਵਿਚ ਪ੍ਰਸਿੱਧ ਅਤੇ ਮਨਪਸੰਦਾ ਹੋ ਗਿਆ। ਵੇਖਿਆ ਜਾਵੇ ਤਾਂ ਘੱਗਰਾ ਭਾਰਤ ਵਿਚ ਮੁਗਲਾਂ ਦੇ ਆਗਮਨ ਅਤੇ 12ਵੀਂ ਅਤੇ 18ਵੀਂ ਸ਼ਤਾਬਦੀ ਤੱਕ ਅਤੇ ਉਸ ਦੇ ਬਾਅਦ ਦੇ ਸ਼ਾਸਨ ਕਾਲ ਦੇ ਨਾਲ ਉਤਕ੍ਰਿਸ਼ਟ ਸ਼ਿਲਪ ਕੌਸ਼ਲ ਦੇ ਜਰੀਏ ਨਾਲ ਵਿਕਸਿਤ ਹੋਇਆ। ਘੱਗਰੇ ਦਾ ਮੂਲ, ਪ੍ਰਾਚੀਨ ਰੂਪ, ਮੁੱਖ ਤੌਰ 'ਤੇ ਕਪਾਹ ਨਾਲ ਕੀਤਾ ਗਿਆ ਹੈ। ਜਿਸ ਦੇ ਬਾਅਦ ਰੇਸ਼ਮ ਅਤੇ ਬ੍ਰਿਕੇਡ ਵਰਗੇ ਸ਼ਾਹੀ ਕਪੜੇ ਅਤੇ ਕੀਮਤੀ ਕਢਾਈ ਦਾ ਉਪਯੋਗ ਕੀਤਾ ਗਿਆ। ਜਿੱਥੇ ਅੱਗੇ ਜਾ ਕੇ ਘੱਗਰਾ ਸ਼ਾਹੀ ਪੋਸ਼ਾਕ ਵਿਚ ਵਿਕਸਿਤ ਹੋ ਗਿਆ। ਇਹ ਚੁਨਰਕਾਰ ਅਤੇ ਵੱਡੇ ਘੇਰੇ ਵਾਲਾ ਪਹਿਰਾਵਾ ਜਿਸ ਨੂੰ ਔਰਤਾਂ ਕਮਰ 'ਤੇ ਬੰਨਦੀਆਂ ਹਨ। ਇਸ ਨਾਲ ਕਮਰ ਤੋਂ ਅੱਡੀ ਤੱਕ ਦੇ ਅੰਗ ਢੱਕੇ ਰਹਿੰਦੇ ਹਨ। ਸਿੱਖ ਇਤਿਹਾਸ ਵੱਲ ਜੇ ਝਾਤੀ ਮਾਰੀਏ ਤਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਸਿਕਲੰਗਰ ਦਾ ਨਾਮ ਪ੍ਰਚਲਿਤ ਹੋਇਆ। ਵਿਸ਼ੇਸ਼ ਤੌਰ 'ਤੇ ਸਿਕਲੀਗਰ ਲੋਕ ਘੱਗਰਾ ਅਤੇ ਚੋਲੀ ਪਹਿਣਦੇ ਸਨ। ਪੰਜਾਬ ਦਾ ਅਧਿਕਾਰਿਤ ਖੇਤਰ ਉਦੋਂ ਬਹੁਤ ਵਿਸ਼ਾਲ ਹੁੰਦਾ ਸੀ। ਸਿਕਲੀਗਰ ਦਾ ਸ਼ਿਲਪਗਰ ਭਾਵ ਕਿ ਸਿਕਲੀ ਕਰਨ ਵਾਲਾ ਕਾਰੀਗਰ, ਹਥਿਆਰ ਤੇਜ਼ ਕਰਨ ਵਾਲਾ ਅਤੇ ਉਨ੍ਹਾਂ ਵਿਚ ਚਮਕ ਪੈਦਾ ਕਰਨ ਵਾਲਾ ਕਾਰੀਗਰ। ਲੋਹੇ ਦੇ ਔਜਾਰ ਬਣਾਉਣ ਵਾਲੇ। ਮਿਲਪੀਗਰ ਅਨੇਕਾਂ ਸ੍ਰੇਣੀਆਂ ਵਿਚ ਸਨ ਪਰ ਇਹ ਲੋਕ ਘੱਗਰਾ ਹੀ ਪਹਿਣਦੇ ਸਨ ਖਾਸ ਕਰਕੇ ਔਰਤਾਂ ਮਿਲਣੀਗਰ ਔਰਤਾਂ ਪਰੰਪਰਾਵਾਦੀ ਰੀਤਿ ਰਹੁ ਰਿਵਾਜ ਮੁਤਾਬਿਕ ਅੱਜ ਵੀ ਘੱਗਰਾ ਚੋਲੀ ਪਹਿਨਦੇ ਹਨ। ਮਹਾਰਾਣਾ ਪ੍ਰਤਾਪ, ਮਹਾਰਾਜਾ ਰਣਜੀਤ ਸਿੰਘ, ਜਹਾਂਗੀਰ ਦੇ ਸਮੇਂ ਘੱਗਰਾ ਪ੍ਰਚਲਿਤ ਸੀ ਪਰ ਸਿਲਦੀਗਰ ਲੋਕ ਜ਼ਿਆਦਾ ਪਹਿਣਦੇ ਹਨ। ਇਨ੍ਹਾਂ ਲੋਕਾਂ 'ਤੇ ਘੱਗਰਾ ਚੋਲੀ ਦੀ ਆਮਦ ਅੱਗੇ ਵਧੀ। ਲੰਬੜਦਾਰਾਂ ਲੈਂਦਾ ਈ ਮੈਂ ਲਾਲ ਘੱਗਰਾ ਦੇ ਸ਼ਬਦਾਂ ਵਿਚ ਇਕ ਦੰਪਤੀ ਨਿੱਘ, ਲਲਕ ਹੈ, ਚੂਕ ਹੈ, ਫਰਿਆਦ ਹੈ, ਅਪਣਤਵ ਹੈ, ਪਿਆਰ ਦੀ ਇਕ ਅਟੁੱਟ ਬੇਜੋੜ ਸੱਚਾਈ ਹੈ। ਲੰਬੜਦਾਰ ਸ਼ਬਦ ਇੱਕ ਜੁੰਮੇਵਾਰੀ ਦਾ ਨਾਮ, ਸਤਿਕਾਰ, ਪਿਆਰ ਅਤੇ ਮੁਖੀਆ ਦੀ ਜਿੰਮੇਦਾਰੀ। ਇਲਾਕੇ ਦੀ ਗੌਰਵਮਈ ਕਿਰਿਆ ਦਾ ਨਾਮ ਹੈ, ਘੱਗਰਾ ਪ੍ਰਤੀਕ ਹੈ ਖੂਬਸੂਰਤੀ ਦਾ। ਜੁੰਮੇਵਾਰੀ ਨੂੰ ਨੀਅਤ, ਨੀਤੀ ਅਤੇ ਸੁਹਿਰਦਤਾ ਨਾਲ ਪਾਲਣਾ ਕਰਨ ਦਾ ਨਾਮ ਹੈ। ਲੰਬੜਦਾਰ ਅਤੇ ਘੱਗਰਾ ਦੋਵੇਂ ਸ਼ਬਦ ਇਕ ਹੀ ਸਮੇਂ ਦੀ ਦੇਣ ਹਨ। ਫਿਰ ਦੋਵੇਂ ਸ਼ਬਦ ਮੁੱਢਕਦੀਮ ਦੀ ਉਪਜ 'ਚੋਂ ਨਿਕਲ ਕੇ ਆਧੁਨਿਕਤਾ ਦੀ ਵਿਰਾਸਤ ਵਿਚ ਸ਼ਾਮਿਲ ਹੋ ਗਏ। ਸਭਿਆਚਾਰ ਨੂੰ ਮਹਾਨਤਾ ਅਤੇ ਵਿਸ਼ਸਟਤਾ ਪ੍ਰਦਾਨ ਕਰਨ ਵਿਚ ਨਾਰੀ ਦਾ ਵਿਸ਼ੇਸ਼ ਯੋਗਦਾਨ ਹੈ, ਪੱਛਮੀ ਸਭਿਅਤਾ ਅਤੇ ਸੰਸਕ੍ਰਿਤੀ ਦੀ ਚਕਾਂਚੌਂਧ ਦੇ ਚਲਦੇ ਹੋਏ ਭਾਰਤੀ ਨਾਰੀ ਦੇ ਹਿਰਦੇ ਵਿਚ ਨਿਮਰਤਾ, ਸੰਗਾਊ ਪਰ ਵਿਰਤੀ ਅਤੇ ਆਪਣੀ ਮਿੱਟੀ ਦੇ ਸਤਿਕਾਰ ਦੇ ਚਿੰਨ੍ਹ ਅਜੇ ਵੀ ਮੌਜੂਦ ਹਨ। ਆਧੁਨਿਕ ਰਾਹਾਂ ਵਿਚ ਨਾਰੀ-ਸਭਾਵਿਕ ਰੂਪ ਵਿਚ ਅਧਿਕ ਸਮਰੱਥ, ਕੁਸ਼ਲ, ਸੰਸਕ੍ਰਿਤੀ, ਸੁਸਿਖਿਅਤ, ਆਤਮ ਨਿਰਭਰ ਅਤੇ ਕਲਾ ਪ੍ਰਵੀਨ, ਸਹਿਚਰੀ, ਅਨੁਚਰੀ ਹੀ ਨਹੀਂ ਬਲਕਿ ਸਮਝ-ਸੂਝ-ਬੂਝ ਅਤੇ ਵਿਰੋਧਭਾਸ ਦਾ ਸਾਹਮਣਾ ਕਰਨ ਦੇ ਸਮਰੱਥ ਹੈ ਜਿਸ ਦੀ ਬਦੌਲਤ ਪ੍ਰਾਚੀਨ ਪੰਜਾਬੀ ਸਭਿਆਚਾਰ ਦੀ ਝਲਕ ਹੋਂਦ ਬਣੀ ਹੋਈ ਹੈ।

## ਬਜ਼ੁਰਗਾਂ ਦਾ ਰੱਖੀਏ ਖ਼ਿਆਲ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ



ਪਿਛਲੇ ਦਿਨੀਂ ਸੰਯੁਕਤ ਰਾਸ਼ਟਰ ਵੱਲੋਂ ਜਾਰੀ ਰਿਪੋਰਟ ਮੁਤਾਬਕ ਭਾਰਤ ਦੀ ਆਬਾਦੀ 1 ਅਰਬ, 42 ਕਰੋੜ, 86 ਲੱਖ ਹੋ ਗਈ ਹੈ, ਜਦਕਿ ਚੀਨ ਦੀ ਆਬਾਦੀ ਭਾਰਤ ਤੋਂ 29 ਲੱਖ ਘੱਟ ਭਾਵ 1 ਅਰਬ, 42 ਕਰੋੜ, 57 ਲੱਖ ਹੈ। ਇਹ ਪਹਿਲੀ ਵਾਰ ਹੈ ਕਿ ਭਾਰਤ ਦੀ ਆਬਾਦੀ 1950 ਤੋਂ ਪਿੱਛੋਂ ਚੀਨ ਤੋਂ ਅੱਗੇ ਨਿਕਲ ਗਈ ਹੈ। ਸੰਯੁਕਤ ਰਾਸ਼ਟਰ ਵੱਲੋਂ 19 ਅਪ੍ਰੈਲ 2023 ਨੂੰ ਜਾਰੀ 'ਦ ਸਟੇਟ ਆਫ ਦ ਵਰਲਡ ਪਾਪੂਲੇਸ਼ਨ' ਮੁਤਾਬਕ 2050 ਤੱਕ ਭਾਰਤ ਦੀ ਆਬਾਦੀ 166.8 ਕਰੋੜ ਤੱਕ ਪਹੁੰਚ ਜਾਣ ਦਾ ਅਨੁਮਾਨ ਹੈ ਜਦਕਿ ਚੀਨ ਦੀ ਆਬਾਦੀ ਘਟ ਕੇ 131.7 ਕਰੋੜ ਹੋ ਸਕਦੀ ਹੈ। ਸੰਯੁਕਤ ਰਾਸ਼ਟਰ ਨੇ ਦੱਸਿਆ ਹੈ ਕਿ ਪੰਜਾਬ ਤੇ ਕੇਰਲ ਵਿੱਚ ਬਜ਼ੁਰਗ ਆਬਾਦੀ ਜ਼ਿਆਦਾ ਹੈ। 2030 ਤੱਕ ਭਾਰਤ ਦੀ ਬਜ਼ੁਰਗ ਆਬਾਦੀ ਦੁੱਗਣੀ ਹੋ ਕੇ 19 ਕਰੋੜ 20 ਲੱਖ ਪਹੁੰਚ ਜਾਵੇਗੀ, ਜੋ ਦੇਸ਼ ਦੇ ਜ਼ਿਆਦਾਤਰ ਦੱਖਣੀ ਤੇ ਪੱਛਮੀ ਸੂਬਿਆਂ ਵਿੱਚ ਹੋਵੇਗੀ। ਸਾਲ 2050 ਤੱਕ ਹਰੇਕ ਪੰਜਵਾਂ ਭਾਰਤੀ ਬਜ਼ੁਰਗ ਹੋਵੇਗਾ। ਮੌਜੂਦਾ ਸਮੇਂ ਪਰਿਵਾਰ/ਸਮਾਜ ਵਿੱਚ ਵਿਅਕਤੀਵਾਦੀ ਰੁਚੀਆਂ ਪ੍ਰਬਲ ਹੁੰਦੀਆਂ ਜਾ ਰਹੀਆਂ ਹਨ। ਰਾਤੋ-ਰਾਤ ਅਮੀਰ ਬਣਨ, ਬਿਨਾਂ ਮਿਹਨਤ ਸਭ ਕੁਝ ਪ੍ਰਾਪਤ ਕਰਨ ਦੀ ਲਾਲਸਾ, ਸਿਰਫ ਤੇ ਸਿਰਫ ਆਪਣੇ ਬਾਰੇ ਸੋਚਣ ਦੀ ਪ੍ਰਵਿਰਤੀ ਨੇ ਸਾਡੀ ਸਨਾਤਨੀ ਪਰੰਪਰਾ ਨੂੰ ਢਾਹ ਲਾਈ ਹੈ। ਕਦੇ ਬਜ਼ੁਰਗ ਪਰਿਵਾਰ ਦਾ ਕੇਂਦਰੀ ਧੁਰਾ ਹੋਇਆ ਕਰਦੇ ਸਨ; ਸਭਿਅਤਾ, ਸੰਸਕ੍ਰਿਤੀ ਅਤੇ ਵਿਰਾਸਤ ਦੇ ਅਲਮਬਰਦਾਰ ਦੇ ਰੂਪ ਵਿੱਚ ਦੋ ਪੀੜ੍ਹੀਆਂ ਵਿਚਕਾਰ ਪੁਲ ਦਾ ਕੰਮ ਕਰਿਆ ਕਰਦੇ ਸਨ। ਪਿਛਲੇ ਦੋ ਤਿੰਨ ਦਹਾਕਿਆਂ ਵਿੱਚ ਸੰਯੁਕਤ ਪਰਿਵਾਰ ਪ੍ਰਣਾਲੀ ਦੇ ਖਾਤਮੇ ਨੇ ਤਾਂ ਇਸ ਸਮੱਸਿਆ ਵਿੱਚ ਜਿਵੇਂ ਅੱਗ ਵਿੱਚ ਘਿਓ ਦਾ ਕੰਮ ਕੀਤਾ ਹੈ।

ਅੱਜ ਦੇ ਸਮੇਂ ਵਿੱਚ ਹਰ ਵਿਅਕਤੀ ਦਾ ਉਦੇਸ਼ 'ਪਰਹਿਤ' ਦੀ ਥਾਂ 'ਸਵੈਹਿਤ' ਤੇ ਆ ਕੇ ਰੁਕ ਗਿਆ ਹੈ। ਦੂਜਿਆਂ ਬਾਰੇ ਸੋਚਣਾ, ਮਦਦ ਲਈ ਹੱਥ ਵਧਾਉਣਾ, ਤਿਆਗ- ਪਰਉਪਕਾਰ ਦੀ ਭਾਵਨਾ ਨੂੰ ਜੀਵਨ ਦਾ ਆਦਰਸ਼ ਬਣਾਉਣਾ ਜਿਵੇਂ ਕਿਸੇ ਕਿਤਾਬ ਵਿੱਚ ਲਿਖੀ ਇਬਾਰਤ ਤੱਕ ਹੀ ਸੀਮਿਤ ਹੋ ਕੇ ਰਹਿ ਗਿਆ ਹੈ। ਆਉਣ ਵਾਲੀ ਪੀੜ੍ਹੀ ਨੂੰ ਇਨ੍ਹਾਂ ਮਾਰਗਾਂ ਤੇ ਚੱਲਣ ਲਈ ਪ੍ਰੇਰਿਤ ਕੌਣ ਕਰੇ! ਆਧੁਨਿਕਤਾ ਦੀ ਦੌੜ ਵਿੱਚ ਅਸੀਂ ਬਜ਼ੁਰਗਾਂ ਨੂੰ ਹਾਸ਼ੀਏ ਤੇ ਧੱਕ ਦਿੱਤਾ ਹੈ। ਜਦੋਂ ਘਰ ਵਿੱਚ ਬਜ਼ੁਰਗਾਂ ਦੀ ਸਿੱਖਿਆ ਨੂੰ ਪੁਰਾਤਨਪੰਥੀ ਕਹਿ ਕੇ ਮਜ਼ਾਕ ਉਡਾਇਆ ਜਾਣ ਲੱਗਾ ਹੋਵੇ, ਸੋਚੋ- ਕਿਹੋ ਜਿਹਾ ਲੱਗਦਾ ਹੋਵੇਗਾ ਉਨ੍ਹਾਂ ਨੂੰ! ਇਹ ਸਥਿਤੀ ਅੱਜ ਕਿਸੇ ਘਰ, ਪਰਿਵਾਰ, ਸਮਾਜ, ਪਿੰਡ, ਕਸਬੇ ਤੱਕ ਹੀ ਸੀਮਿਤ ਨਾ ਰਹਿ ਕੇ ਸਰਬਵਿਆਪੀ ਹੁੰਦੀ ਜਾ ਰਹੀ ਹੈ। ਸਾਡਾ ਸਮਾਜ ਇੱਕ ਅਜਿਹੇ ਨਾਜ਼ੁਕ ਦੌਰ ਵਿੱਚੋਂ ਲੰਘ ਰਿਹਾ ਹੈ, ਜੋ ਭਾਵਨਾਵਾਂ ਅਤੇ ਸੰਵੇਦਨਾਵਾਂ ਦੇ ਲਿਹਾਜ਼ ਨਾਲ ਸੋਚਣ ਨੂੰ ਮਜਬੂਰ ਕਰਦਾ ਹੈ।

ਅਸਲ ਵਿੱਚ ਬਜ਼ੁਰਗਾਂ ਦੀ ਸਮੱਸਿਆ ਉਮਰ ਨਾਲ ਜੁੜੀ ਹੋਈ ਨਹੀਂ ਹੈ। ਇਸ ਵਿੱਚ ਬੜਾ ਵੱਡਾ ਯੋਗਦਾਨ ਮਨੋਸਥਿਤੀ ਦਾ ਹੈ। ਜੇ ਬਜ਼ੁਰਗ ਕਿਰਿਆਸ਼ੀਲ ਰਹਿਣ, ਸਮਾਜ ਦੀ ਮੁੱਖ ਧਾਰਾ ਨਾਲ ਜੁੜੇ ਰਹਿਣ, ਉਨ੍ਹਾਂ ਨੂੰ ਆਪਣਿਆਂ ਦਾ ਪਿਆਰ, ਅਪਣੱਤ ਮਿਲੇ, ਉਨ੍ਹਾਂ ਦੇ ਅਨੁਭਵਾਂ ਤੇ ਯੁਵਾ ਪੀੜ੍ਹੀ ਚੱਲੇ ਤਾਂ ਸ਼ਾਇਦ ਬਜ਼ੁਰਗਾਂ ਦੀ ਸਮੱਸਿਆ ਦਾ ਕੋਈ ਹੱਲ ਨਿਕਲ ਸਕਦਾ ਹੈ। ਪਰ ਉਮਰ ਦੇ ਇੱਕ ਪੜਾਅ ਪਿੱਛੋਂ ਜੀਂਦਾ ਜਾਗਦਾ ਇਨਸਾਨ, ਜਿਸ ਵਿੱਚ ਭਾਵਨਾ, ਕਰੁਣਾ, ਸੰਵੇਦਨਾ ਅਤੇ ਇੱਛਾ ਹੁੰਦੀ ਹੈ, ਉਹ ਨੂੰ ਭੁਲਾ ਦਿੱਤਾ ਜਾਂਦਾ ਹੈ। ਉਹਨੂੰ ਸਿਰਫ਼ ਵਸਤੂ ਸਮਝਣ ਦੀ ਗਲਤੀ ਕੀਤੀ ਜਾਣ ਲੱਗਦੀ ਹੈ। ਉਹ ਵੀ ਬੇਕਾਰ ਦੀ ਇਸੇ ਮਾਨਸਿਕਤਾ ਕਾਰਨ ਅੱਜ ਕਈ ਘਰਾਂ ਵਿੱਚ ਬਜ਼ੁਰਗ ਅਪਮਾਨ ਦਾ ਘੁੱਟ ਭਰਨ ਨੂੰ ਮਜਬੂਰ ਹਨ। ਜਿੱਥੇ ਪਰਿਵਾਰ ਦੇ ਹਰ ਮੈਂਬਰ ਦੀ ਆਪਣੀ ਪਸੰਦ ਨਾਪਸੰਦ ਹੈ, ਰਹਿਣ ਨੂੰ ਆਪਣਾ ਕਮਰਾ ਹੈ, ਭੋਜਨ ਵਿੱਚ ਉਨ੍ਹਾਂ ਦੀ ਪਸੰਦ ਨਾਪਸੰਦ ਦਾ ਖਿਆਲ ਰੱਖਿਆ ਜਾਂਦਾ ਹੈ। ਇੱਥੋਂ ਤੱਕ ਕਿ ਪਾਲਤੂ ਜਾਨਵਰ ਦੇ ਵੀ ਖਾਣ ਪੀਣ, ਰਹਿਣ ਅਤੇ ਲੋੜ ਦਾ ਧਿਆਨ ਰੱਖਿਆ ਜਾਂਦਾ ਹੈ। ਪਰ ਬਜ਼ੁਰਗਾਂ ਦੀ ਤਾਂ ਜਿਵੇਂ ਕੋਈ ਇੱਛਾ ਭਾਵਨਾ ਹੈ ਹੀ ਨਹੀਂ। ਉਹ ਜਿਵੇਂ ਸਮਾਨ ਦੀ ਬੇਜਾਨ ਗੰਢੜੀ ਹੋਣ, ਜੀਹਨੂੰ ਜਦੋਂ ਜੀਅ ਕੀਤਾ ਏਧਰ ਓਧਰ ਧੱਕ ਦਿੱਤਾ। ਜੀਹਨੂੰ ਘਰ ਵਿੱਚ ਇੱਕ ਭਾਰ ਸਮਝਣ ਦੀ ਮਾਨਸਿਕਤਾ ਸਭ ਦੇ ਦਿਮਾਗ ਵਿੱਚ ਘਰ ਕਰ ਜਾਂਦੀ ਹੈ।

ਜੀਵਨ ਦੇ ਆਖਰੀ ਪੜਾਅ ਵਿੱਚ ਜਿੱਥੇ ਪ੍ਰੇਮ, ਸਨਮਾਨ, ਅਪਣੱਤ ਦੀ ਬੇਹੱਦ ਲੋੜ ਹੁੰਦੀ ਹੈ, ਉੱਥੇ ਮਿਲਦੀ ਹੈ ਆਪਣਿਆਂ ਵੱਲੋਂ ਝਿੜਕ, ਅੱਖਾਂ ਵਿੱਚ ਆਈ ਘਿਰਣਾ, ਜੀਹਨੂੰ ਵਿਚਾਰੇ ਬਜ਼ੁਰਗ ਸਹਿਣ ਨਹੀਂ ਕਰ ਸਕਦੇ ਅਤੇ ਉਸੇ ਛੱਤ ਹੇਠਾਂ ਤਿਲ ਤਿਲ ਮਰਨ ਨੂੰ ਮਜਬੂਰ ਹੁੰਦੇ ਰਹਿੰਦੇ ਹਨ। ਪਤਾ ਨਹੀਂ ਇੱਕ ਦਿਨ ਵਿੱਚ ਕਿੰਨੀ ਵਾਰ ਮਰਦੇ ਹਨ ਅਜਿਹੇ ਬਦਕਿਸਮਤ ਬਜ਼ੁਰਗ! ਉਨ੍ਹਾਂ ਦੇ ਬੁੱਲ੍ਹਾਂ ਤੇ ਇੱਕ ਹੀ ਸ਼ਬਦ ਹੁੰਦਾ ਹੈ, "ਹੇ ਮਾਲਕ! ਰਹਿਮ ਕਰ! ਹੁਣ ਤਾਂ ਇਸ ਜਹਾਨ ਤੋਂ ਚੁੱਕ ਲੈ!" ਪਰ ਮੌਤ ਮੰਗਿਆਂ ਥੋੜ੍ਹੇ ਮਿਲਦੀ ਹੈ, ਉਹਦਾ ਵੀ ਇੱਕ ਨਿਸ਼ਚਿਤ ਸਮਾਂ ਹੁੰਦਾ ਹੈ। ਕੁਝ ਬਜ਼ੁਰਗ ਹਰ ਰੋਜ਼ ਮੌਤ ਦਾ ਤਾਂਡਵ ਸਹਿਣ ਨਹੀਂ ਕਰ ਸਕਦੇ ਅਤੇ ਸਿੱਧੇ ਮੌਤ ਨੂੰ ਗਲ ਨਾਲ ਲਾ ਲੈਣ ਵਰਗਾ ਕਦਮ ਚੁੱਕਣ ਨੂੰ ਮਜਬੂਰ ਹੋ ਜਾਂਦੇ ਹਨ। ਕੁਝ ਅਜਿਹੇ ਵੀ ਹੁੰਦੇ ਹਨ ਜਿਨ੍ਹਾਂ ਨੂੰ ਬਜ਼ੁਰਗ ਘਰਾਂ ਵਿੱਚ ਸਕੂਨ ਨਜ਼ਰ ਆਉਂਦਾ ਹੈ। ਅਜਿਹੇ ਬਜ਼ੁਰਗਾਂ ਦੀ ਕਮੀ ਵੀ ਨਹੀਂ ਹੈ ਜੋ ਇਹਨੂੰ ਆਪਣੀ ਕਿਸਮਤ ਸਮਝ ਕੇ ਆਪਣੇ ਘਰ ਵਿੱਚ ਹੀ ਕੈਦ ਹੋ ਕੇ ਜੀਵਨ ਦੇ ਬਚੇ ਸਾਹ ਲੈਣ ਨੂੰ ਮਜਬੂਰ ਹੋ ਜਾਂਦੇ ਹਨ।ਅੱਜ ਸਭ ਤੋਂ ਵੱਧ ਲੋੜ ਹੈ ਬਜ਼ੁਰਗਾਂ ਦੇ ਮਨੋਵਿਗਿਆਨ ਨੂੰ ਸਮਝਣ ਦੀ। ਬਜ਼ੁਰਗ ਅਤੇ ਯੁਵਾ ਇਹ ਦੋਵੇਂ ਸਮਾਜ ਦੇ ਉਹ ਧੁਰੇ ਹਨ ਜਿਨ੍ਹਾਂ ਦੇ ਵਿਚਾਲੇ ਆਪਸੀ ਤਾਲਮੇਲ, ਮਨੋਭਾਵਾਂ ਨੂੰ ਸਮਝਣ ਦੀ ਖਾਸ ਲੋੜ ਹੈ। ਉਮਰ ਦੇ ਇੱਕ ਪੜਾਅ ਤੇ ਆ ਕੇ ਇਨਸਾਨ ਨੂੰ ਨਾ ਸਿਰਫ ਢਿੱਡ ਭਰ ਰੋਟੀ, ਰਹਿਣ ਨੂੰ ਛੱਤ ਅਤੇ ਪਹਿਨਣ ਨੂੰ ਕੱਪੜੇ ਹੀ ਚਾਹੀਦੇ ਹਨ ਸਗੋਂ ਉਸਤੋਂ ਵੀ ਵੱਧ ਕੇ ਚਾਹੀਦਾ ਹੈ ਆਪਣਿਆਂ ਦਾ ਸਾਥ। ਕੋਈ ਹੋਵੇ ਜਿਸ ਨਾਲ ਉਹ ਆਪਣੇ ਮਨ ਵਿੱਚ ਉਠ ਰਹੇ ਜਜ਼ਬਾਤ ਨੂੰ ਸਾਂਝਾ ਕਰ ਸਕਣ। ਉਹਨੂੰ ਅਹਿਸਾਸ ਦਿਵਾ ਸਕਣ ਕਿ ਅਜੇ ਉਸ ਘਰ ਪਰਿਵਾਰ ਵਿੱਚ ਉਹਦਾ ਆਪਣਾ ਵਜੂਦ ਹੈ। ਉਹ ਉਸ ਘਰ ਦਾ ਬਜ਼ੁਰਗ ਹੈ। ਭਾਵੇਂ ਬਜ਼ੁਰਗਾਂ ਨੂੰ ਚਾਂਦੀ ਸੋਨੇ ਦੇ ਭਾਂਡਿਆਂ ਵਿੱਚ ਖਾਣਾ ਪਰੋਸਿਆ ਜਾਂਦਾ ਹੋਵੇ, ਉਨ੍ਹਾਂ ਦੇ ਰਹਿਣ ਲਈ ਬੇਹਤਰੀਨ ਪ੍ਰਬੰਧ ਹੋਵੇ, ਪਰ ਜਦੋਂ ਤੱਕ ਉਨ੍ਹਾਂ ਨੂੰ ਉਨ੍ਹਾਂ ਦ ਹੋਣ ਦਾ, ਉਨ੍ਹਾਂ ਦੇ ਅਸਤਿਤਵ ਦਾ ਆਭਾਸ ਨਾ ਕਰਾ ਦਿੱਤਾ ਜਾਵੇ, ਉਨ੍ਹਾਂ ਦੀਆਂ ਸੰਵੇਦਨਾਵਾਂ ਅਤੇ ਭਾਵਨਾਵਾਂ ਨੂੰ ਪੂਰਾ ਸਨਮਾਨ ਨਾ ਦਿੱਤਾ ਜਾਵੇ, ਉਨ੍ਹਾਂ ਲਈ ਕੀਤੇ ਗਏ ਹੋਰ ਯਤਨ ਵਿਅਰਥ ਹੀ ਹੋਣਗੇ।

ਅਜਿਹਾ ਨਹੀਂ ਹੈ ਕਿ ਬਜ਼ੁਰਗਾਂ ਨੂੰ ਹੀ ਆਪਣਿਆਂ ਦੀ ਲੋੜ ਹੈ। ਅਸਲ ਵਿੱਚ ਅੱਜ ਦੀ ਇਸ ਭੱਜਦੀ ਦੌੜਦੀ ਆਧੁਨਿਕਤਾ ਦਾ ਪਿੱਛਾ ਕਰ ਰਹੀ ਭੁੱਲੀ ਭਟਕੀ ਯੁਵਾ ਪੀੜ੍ਹੀ, ਜਿਸਦੇ ਜੀਵਨ ਵਿੱਚ ਨਿਰਾਸ਼ਾ ਪੈਦਾ ਹੋ ਚੁੱਕੀ ਹੈ, ਚਾਰੇ ਪਾਸਿਓਂ ਕਈ ਤਰ੍ਹਾਂ ਦੇ ਦਬਾਅ ਨਾਲ ਦੱਬੀ ਜਾ ਰਹੀ ਹੈ ਅਤੇ ਆਪਣਾ ਸਰਵਸ੍ਰੇਸ਼ਟ ਪ੍ਰਦਰਸ਼ਨ ਕਰਨ ਵਿੱਚ ਆਪਣੀ ਸਭ ਕੁਝ, ਏਥੋਂ ਤੱਕ ਕਿ ਸੁਖ ਚੈਨ ਲੁਟਾ ਬੈਠੀ ਹੈ – ਅਜਿਹੀ ਹਾਲਤ ਵਿੱਚ ਬਜ਼ੁਰਗ ਦੇਵਦੂਤ ਬਣ ਕੇ ਆਪਣੇ ਗਿਆਨ ਅਤੇ ਅਨੁਭਵ ਨਾਲ ਉਹਦੀਆਂ ਸਾਰੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਨ ਵਿੱਚ ਸਹਾਇਕ ਸਿੱਧ ਹੋ ਸਕਦੇ ਹਨ।